## ਅਧਿਆਇ 34

# ਬਹਾਲੀ: ਨਵੇਂ ਸਿਰੇ ਤੋਂ ਪਰਮੇਸ਼ੁਰ ਦਾ ਨੇਮ

ਅਧਿਆਇ 34 ਇਸਰਾਏਲ ਦੇ ਵਿਸ਼ਵਾਸ ਨੂੰ ਤਿਆਗਣ ਤੋਂ ਬਾਅਦ ਉਨ੍ਹਾਂ ਦੀ ਬਹਾਲੀ ਦੇ ਵਿਰਤਾਂਤ ਨਾਲ ਖਤਮ ਹੁੰਦਾ ਹੈ। ਪਰਮੇਸ਼ੁਰ ਨੇ ਮੂਸਾ ਨੂੰ ਪਹਾੜ ਦੇ ਉੱਤੇ ਬੁਲਾਇਆ ਸੀ, ਜਿੱਥੇ ਉਸ ਨੇ ਫੇਰ ਪੱਥਰ ਦੀਆਂ ਦੋ ਫੱਟੀਆਂ ਉੱਤੇ ਦਸ ਹੁਕਮ ਲਿਖਣੇ ਸਨ (34:1-4)। ਪਰਮੇਸ਼ੁਰ ਨੇ ਆਪਣੇ ਆਪ ਨੂੰ ਦਿਆਲੂ ਪਰਮੇਸ਼ੁਰ ਆਖਿਆ ਸੀ ਜਿਹੜਾ ਦੋਸ਼ੀ ਨੂੰ ਸਜ਼ਾ ਵੀ ਦਿੰਦਾ ਹੈ (34:5-7)। ਮੂਸਾ ਨੇ ਪਰਮੇਸ਼ੁਰ ਨੂੰ ਲੋਕਾਂ ਨੂੰ ਮਾਫ਼ ਕਰਨ ਦੇ ਲਈ ਆਖਿਆ ਸੀ (34:8, 9) ਅਤੇ ਪਰਮੇਸ਼ੁਰ ਨੇ ਆਖਿਆ ਕਿ ਉਹ ਇਸਰਾਏਲ ਨਾਲ ਇਕ ਨੇਮ ਬੰਨ੍ਹੇਗਾ ਅਤੇ ਉਨ੍ਹਾਂ ਦੇ ਅੱਗੋਂ ਕਨਾਨ ਦੀਆਂ ਕੌਮਾਂ ਨੂੰ ਧੱਕ ਦੇਵੇਗਾ (34:10, 11)। ਉਨ੍ਹਾਂ ਨੇ ਉਨ੍ਹਾਂ ਮੂਰਤੀਪੂਜਕ ਕੌਮਾਂ ਨਾਲ ਕੋਈ ਨੇਮ ਨਹੀਂ ਸੀ ਬੰਨ੍ਹਣਾ (34:12-17)।

ਬੰਦਗੀ ਦੇ ਲਈ ਨਿਯਮਾਂ ਤੇ ਜ਼ੋਰ ਦਿੰਦਿਆਂ ਪਰਮੇਸ਼ੁਰ ਨੇ ਕੁਝ ਨਿਯਮ ਅਤੇ ਵਿਧੀਆਂ ਜੋ ਉਸ ਨੇ ਪਹਿਲਾਂ ਹੀ ਮੂਸਾ ਨੂੰ ਦਿੱਤੀਆਂ ਸਨ, ਦੁਹਰਾਈਆਂ (34:18-26)। ਮੂਸਾ ਨੇ ਪਰਮੇਸ਼ੁਰ ਦੀਆਂ ਗੱਲਾਂ ਲਿਖੀਆਂ ਜਦੋਂ ਉਹ ਚਾਲੀ ਦਿਨ ਅਤੇ ਚਾਲੀ ਰਾਤਾਂ ਪਹਾੜ ਉੱਤੇ ਸੀ (34:27, 28)। ਜਦੋਂ ਉਹ ਪਹਾੜ ਤੋਂ ਥੱਲੇ ਆਇਆ, ਪਰਮੇਸ਼ੁਰ ਦੀ ਹਜ਼ੂਰੀ ਵਿਚ ਰਹਿਣ ਕਰਕੇ ਉਸ ਦਾ ਮੂੰਹ ਚਮਕ ਰਿਹਾ ਸੀ (34:29, 30, 33-35)। ਫਿਰ ਉਸ ਨੇ ਲੋਕਾਂ ਦੇ ਅੱਗੇ ਬਿਵਸਥਾ ਦੀਆਂ ਗੱਲਾਂ ਦਾ ਵਰਣਨ ਕੀਤਾ (34:31, 32)।

ਇਸਰਾਏਲ ਦੇ ਪਾਪ ਤੋਂ ਬਾਅਦ, ਪਰਮੇਸ਼ੁਰ ਨਾਲ ਮੇਲ ਮਿਲਾਪ ਕਰਨ ਦੀ ਲੋੜ ਸੀ। ਅਧਿਆਇ 34 ਨੇਮ ਦੇ ਸੋਧ ਦੀ ਰਸਮ ਨੂੰ ਦੁਹਰਾਉਣ ਦਾ ਵਰਣਨ ਕਰਦਾ ਹੈ ਜਿਸ ਦੇ ਬਾਰੇ ਅਧਿਆਇ 24 ਵਿਚ ਦਰਜ ਹੈ। ਨੇਮ ਵਿਚ ਸੋਧ ਦੀਆਂ ਦੋਵੇਂ ਰਸਮਾਂ ਮੂਸਾ ਦੇ ਪਹਾੜ ਉੱਤੇ ਜਾਣ ਅਤੇ ਉੱਥੇ ਪਰਮੇਸ਼ੁਰ ਦੇ ਉਸ ਨੂੰ ਦਰਸ਼ਣ ਦੇਣ ਤੋਂ ਪਹਿਲਾਂ ਹੋਈਆਂ ਸਨ। ਦੋਹਾਂ ਸਮਿਆਂ ਵਿਚ, ਪਰਮੇਸ਼ੁਰ ਨੇ ਮੂਸਾ ਨੂੰ ਕੁਝ ਵਿਧੀਆਂ ਦਿੱਤੀਆਂ ਅਤੇ ਉਨ੍ਹਾਂ ਵਿਧੀਆਂ ਨੂੰ ਲਿਖਿਆ ਗਿਆ ਅਤੇ ਫਿਰ ਲੋਕਾਂ ਦੇ ਅੱਗੇ ਪੇਸ਼ ਕੀਤਾ ਗਿਆ। ਨੇਮ ਦੀ ਸੋਧ ਦੀਆਂ ਦੋਵੇਂ ਰਸਮਾਂ ਵਿਚਕਾਰ ਵੱਡਾ ਫ਼ਰਕ ਇਹ ਹੈ ਕਿ ਦੂਜੀ ਰਸਮ ਵਿਚ ਕਿਸੇ ਗੱਲ ਦੀ ਕਮੀ ਸੀ ਕਿ ਇਸਰਾਏਲੀਆਂ ਨੇ ਬਿਵਸਥਾ ਦੀ ਪਾਲਣਾ ਕਰਨ ਦੇ ਲਈ ਆਪਣੇ ਆਪ ਵਿਚ ਪ੍ਰਤਿੱਗਿਆ ਕੀਤੀ ਸੀ। ਸ਼ਾਇਦ 34:32 ਵਿਚ ਹੁਕਮਾਂ ਨੂੰ ਉਨ੍ਹਾਂ ਦੇ ਲੋਕਾਂ ਵਿਚ ਸਵੀਕਾਰ ਕੀਤੇ ਜਾਣ ਨੂੰ ਸਮਝਿਆ ਜਾਣਾ ਚਾਹੀਦਾ ਹੈ।

ਉਦਾਰਵਾਦੀ ਵਿਦਵਾਨ ਜਿਹੜੇ ਇਸ ਮੱਤ ਦੇ ਪ੍ਰਤੀ ਵਚਨਬੱਧ ਹਨ ਕਿ ਪੰਚਗ੍ਰੰਥ ਵੱਖ-ਵੱਖ ਸ੍ਰੋਤਾਂ ਤੋਂ ਆਇਆ ਹੈ ਮੰਨਦੇ ਹਨ ਕਿ ਅਧਿਆਇ 24 ਅਤੇ 34 ਇੱਕੋ ਘਟਨਾ ਦੇ ਦੋ ਵੱਖ-ਵੱਖ ਵਿਰਤਾਂਤ ਹਨ। ਪਰ ਲਿਖਤ ਬਿਹਤਰ ਸਮਝ ਆਉਂਦੀ ਹੈ ਜੇਕਰ ਸਮਾਨਤਾਵਾਂ ਨੂੰ ਅਸਲੀ ਘਟਨਾ

ਦੇ ਇਕ ਉਦੇਸ਼ਪੂਰਣ ਅਤੇ ਅਰਥਪੂਰਣ ਦੁਹਰਾਉਣ ਦੇ ਨਤੀਜੇ ਵਜੋਂ ਸਮਝਿਆ ਜਾਂਦਾ ਹੈ। ਸਮਾਨਤਾਵਾਂ ਕੋਈ ਸ਼ੱਕ ਨਹੀਂ ਰਹਿਣ ਦਿੰਦੀਆਂ ਕਿ ਹਾਲਾਂਕਿ ਇਸਰਾਏਲ ਨੇ ਖੁੱਲ੍ਹੇਆਮ ਨੇਮ ਦੀ ਉਲੰਘਣਾ ਕੀਤੀ ਸੀ, ਪਰਮੇਸ਼ੁਰ ਨੇ ਨੇਮ ਨੂੰ ਨਵੇਂ ਸਿਰਿਓਂ ਦੇ ਕੇ ਉਨ੍ਹਾਂ ਨੂੰ ਮਾਫ਼ ਕੀਤਾ ਸੀ।

## ਨਵੇਂ ਸਿਰੇ ਤੋਂ ਨੇਮ ਦੇਣ ਦੀ ਪਰਮੇਸ਼ੁਰ ਦੀ ਇੱਛਾ (34:1-4)

**[1]ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ, ਤੂੰ ਪਹਿਲੇ ਵਰਗੀਆਂ ਪੱਥਰਾਂ ਦੀਆਂ ਦੋ ਫੱਟੀਆਂ ਘੜ**
**ਅਤੇ ਮੈਂ ਉਨ੍ਹਾਂ ਫੱਟੀਆਂ ਉੱਤੇ ਓਹ ਗੱਲਾਂ ਲਿਖਾਂਗਾ ਜਿਹੜੀਆਂ ਪਹਿਲੀਆਂ ਫੱਟੀਆਂ ਉੱਤੇ ਸਨ ਜਿਨ੍ਹਾਂ**
**ਨੂੰ ਤੈਂ ਭੰਨ ਸੁੱਟਿਆ। [2]ਸਵੇਰ ਤੋਂ ਤਿਆਰ ਹੋ ਅਰ ਸਵੇਰ ਨੂੰ ਸੀਨਈ ਪਹਾੜ ਉੱਤੇ ਚੜ੍ਹ ਅਰ ਓੱਥੇ**
**ਪਹਾੜ ਦੀ ਟੀਸੀ ਉੱਤੇ ਮੇਰੇ ਲਈ ਖਲੋ ਰਹੁ। [3]ਤੇਰੇ ਸੰਗ ਕੋਈ ਮਨੁੱਖ ਨਾ ਚੜ੍ਹੇ ਅਰ ਸਾਰੇ ਪਹਾੜ**
**ਵਿੱਚ ਕੋਈ ਵੀ ਮਨੁੱਖ ਨਾ ਦਿੱਸੇ ਅਰ ਨਾ ਹੀ ਉਸ ਪਹਾੜ ਦੇ ਅੱਗੇ ਇੱਜੜ ਚੁਗੇ ਅਰ ਨਾ ਹੀ ਚੌਣਾ।**
**[4]ਉਪਰੰਤ ਉਸ ਨੇ ਪਹਿਲੇ ਵਰਗੀਆਂ ਪੱਥਰ ਦੀਆਂ ਦੋ ਫੱਟੀਆਂ ਘੜੀਆਂ ਅਰ ਮੂਸਾ ਸਵੇਰ ਨੂੰ ਉੱਠ**
**ਕੇ ਸੀਨਈ ਪਹਾੜ ਉੱਤੇ ਚੜ੍ਹ ਗਿਆ ਜਿਵੇਂ ਯਹੋਵਾਹ ਨੇ ਉਸ ਨੂੰ ਹੁਕਮ ਦਿੱਤਾ ਸੀ ਅਰ ਆਪਣੇ**
**ਹੱਥ ਵਿੱਚ ਪੱਥਰ ਦੀਆਂ ਦੋ ਫੱਟੀਆਂ ਲਈਆਂ।**

ਨੇਮ ਨੂੰ ਨਵੇਂ ਸਿਰਿਓਂ ਨਵਾਂ ਕਰਨ ਦੀ ਸ਼ੁਰੂਆਤ ਮੂਸਾ ਨੂੰ ਪਹਾੜ ਉੱਤੇ ਸੱਦਣ ਦੇ ਨਾਲ ਸ਼ੁਰੂ ਹੋਈ ਸੀ। ਉਸ ਦੇ ਪਹਾੜ ਉੱਤੇ ਠਹਿਰਣ ਦੇ ਦੋ ਉਦੇਸ਼ ਸਨ। (1) ਪਰਮੇਸ਼ੁਰ ਨੇ ਉਸ ਦੇ ਤੇਜ ਨੂੰ ਵੇਖਣ ਦੀ ਮੂਸਾ ਦੀ ਬੇਨਤੀ ਦਾ ਜਵਾਬ ਦਿੱਤਾ ਸੀ (33:18); ਜਿਹੜੀ ਕਿ ਇਸਰਾਏਲ ਤੋਂ ਉਸ ਦੀ ਹਜ਼ੂਰੀ ਨੂੰ ਪਿੱਛੇ ਹਟਾਉਣ ਦੀ ਪਰਮੇਸ਼ੁਰ ਦੀ ਧਮਕੀ ਦੇ ਕਾਰਣ ਕੀਤੀ ਗਈ ਸੀ (33:3)। ਇਹ ਪਰਮੇਸ਼ੁਰ ਦੇ ਸਾਹਮਣੇ ਮੂਸਾ ਅਤੇ ਇਸਰਾਏਲ ਦੇ ਇਕ ਖਾਸ ਰੁਤਬੇ ਨੂੰ ਸੁਨਿਸ਼ਚਤ ਕਰਨ ਦਾ ਜ਼ਰੀਆ ਸੀ (33:16)। (2) ਪਰਮੇਸ਼ੁਰ ਨੇ ਬਿਵਸਥਾ ਅਤੇ ਨੇਮ ਦੀ ਦੁਬਾਰਾ ਪੁਸ਼ਟੀ ਕੀਤੀ ਜੋ ਇਸਰਾਏਲ ਦੁਆਰਾ ਤੋੜੇ ਗਏ ਸਨ ਜਦੋਂ ਉਨ੍ਹਾਂ ਨੇ ਸੋਨੇ ਦੇ ਬੱਛੇ ਦੀ ਪੂਜਾ ਕੀਤੀ ਸੀ (32:1-10)।

**ਆਇਤ 1.** ਮੂਸਾ ਨੇ ਜੋ ਪ੍ਰਾਪਤ ਕੀਤਾ ਸੀ ਉਹ ਨਵੀਆਂ ਵਿਧੀਆਂ ਨਹੀਂ ਸਨ। ਬਜਾਇ ਇਸ ਦੇ, ਪਰਮੇਸ਼ੁਰ ਉਸੇ ਨੇਮ ਨੂੰ ਨਵਾਂ ਕਰ ਰਿਹਾ ਸੀ ਜਿਹੜਾ ਉਸ ਨੇ ਪਹਿਲਾਂ ਲੋਕਾਂ ਦੇ ਨਾਲ ਬੰਨ੍ਹਿਆ ਸੀ। **ਪਹਿਲੇ ਵਰਗੀਆਂ ਪੱਥਰਾਂ ਦੀਆਂ ਦੋ ਫੱਟੀਆਂ** ਦਸ ਹੁਕਮਾਂ ਦਾ ਹਵਾਲਾ ਦਿੰਦੀਆਂ ਹਨ ਜੋ ਪਰਮੇਸ਼ੁਰ ਨੇ ਪਹਿਲਾਂ ਇਸਰਾਏਲ ਨੂੰ ਦਿੱਤੇ ਸਨ (34:28; ਬਿਵਸਥਾ ਸਾਰ 4:13; 5:22; 10:4)। ਇਹ ਤੱਥ ਕਿ ਪੁਰਾਣੀਆਂ ਫੱਟੀਆਂ ਜੋ ਮੂਸਾ ਨੇ ਭੰਨ ਸੁੱਟੀਆਂ ਸਨ ਪ੍ਰਤੀਕਾਤਮਕ ਰੂਪ ਵਿਚ ਇਸ ਗੱਲ ਦਾ ਉਦਾਹਰਣ ਦਿੰਦੀਆਂ ਸਨ ਕਿ ਇਸਰਾਏਲੀਆਂ ਨੇ ਉਸ ਨੇਮ ਨੂੰ ਤੋੜ ਦਿੱਤਾ ਸੀ ਜੋ ਯਹੋਵਾਹ ਨੇ ਉਨ੍ਹਾਂ ਦੇ ਨਾਲ ਬੰਨ੍ਹਿਆ ਸੀ (32:19)।

**ਆਇਤਾਂ 2, 3.** ਮੂਸਾ ਨੂੰ ਦਿੱਤੀਆਂ ਗਈਆਂ ਪਰਮੇਸ਼ੁਰ ਦੀਆਂ ਹਦਾਇਤਾਂ ਵਿਚ ਸਮਾਂ (**ਸਵੇਰ**) ਅਤੇ ਥਾਂ (**ਸੀਨਈ ਪਹਾੜ ਉੱਤੇ**) ਸ਼ਾਮਲ ਸਨ ਜਿੱਥੇ ਉਹ ਮਿਲਨਗੇ। ਪਰਮੇਸ਼ੁਰ ਨੇ ਮੂਸਾ ਨੂੰ ਇਹ ਨਿਸ਼ਚਤ ਕਰਨ ਦੇ ਲਈ ਆਖਿਆ ਸੀ ਕਿ ਲੋਕ ਅਤੇ ਜਾਨਵਰ **ਪਹਾੜ** ਤੋਂ ਦੂਰ ਰਹਿਣ, ਜਿਵੇਂ ਕਿ ਉਸ ਨੂੰ ਪਹਿਲੀ ਵਾਰ ਬਿਵਸਥਾ ਦੇਣ ਤੋਂ ਪਹਿਲਾਂ ਚਿਤਾਵਨੀ ਦਿੱਤੀ ਗਈ ਸੀ (19:12, 13)। ਪਰਮੇਸ਼ੁਰ ਪਹਾੜ ਉੱਤੇ ਮੌਜੂਦ ਰਹੇਗਾ ਜਦੋਂ ਮੂਸਾ ਪਹਾੜ ਉੱਤੇ ਸੀ, ਜਿਸ ਨੇ ਅਗਲੇ ਅਨੁਭਵ ਨੂੰ ਹੋਰ ਵੀ ਜ਼ਿਆਦਾ ਸ਼ਾਨਦਾਰ ਬਣਾ ਦਿੱਤਾ।

**ਆਇਤ 4.** ਮੂਸਾ ਨੇ ਉਸੇ ਤਰ੍ਹਾਂ ਕੀਤਾ ਜਿਵੇਂ ਪਰਮੇਸ਼ੁਰ ਨੇ ਉਸ ਨੂੰ ਹੁਕਮ ਦਿੱਤਾ ਸੀ, ਉਸ ਨੇ **ਪੱਥਰ ਦੀਆਂ ਦੋ ਫੱਟੀਆਂ ਘੜੀਆਂ** ਅਤੇ ਉਨ੍ਹਾਂ ਫੱਟੀਆਂ ਨੂੰ ਆਪਣੇ ਨਾਲ ਲੈ ਗਿਆ ਜਦੋਂ ਉਹ

ਅਗਲੇ **ਸਵੇਰ** ਨੂੰ ਪਹਾੜ ਉੱਤੇ ਚੜ੍ਹਿਆ।

## ਪਰਮੇਸ਼ੁਰ ਦੇ ਨਾਮ ਅਤੇ ਸੁਭਾਅ ਦਾ ਪਰਚਾਰ ਕੀਤਾ ਜਾਣਾ (34:5-9)

**[5]ਯਹੋਵਾਹ ਬੱਦਲ ਵਿੱਚ ਉੱਤਰਿਆ ਅਰ ਉੱਥੇ ਉਸ ਦੇ ਨਾਲ ਖਲੋ ਕੇ ਯਹੋਵਾਹ ਦੇ ਨਾਮ ਦਾ**
**ਪਰਚਾਰ ਕੀਤਾ। [6]ਅਰ ਯਹੋਵਾਹ ਨੇ ਉਸ ਦੇ ਅੱਗੋਂ ਲੰਘ ਕੇ ਐਉਂ ਪਰਚਾਰ ਕੀਤਾ, ਯਹੋਵਾਹ,**
**ਯਹੋਵਾਹ ਦਿਆਲੂ ਅਤੇ ਕਿਰਪਾਲੂ ਪਰਮੇਸ਼ੁਰ ਹੈ ਕਰੋਧ ਵਿੱਚ ਧੀਰਜੀ ਅਰ ਭਲਿਆਈ ਅਤੇ**
**ਸਚਿਆਈ ਨਾਲ ਭਰਪੂਰ ਹੈ। [7]ਅਤੇ ਹਜਾਰਾਂ ਲਈ ਭਲਿਆਈ ਰੱਖਣ ਵਾਲਾ ਹੈ ਅਤੇ ਕੁਧਰਮ**
**ਅਪਰਾਧ ਅਰ ਪਾਪ ਦਾ ਬਖ਼ਸ਼ਣ ਹਾਰ ਅਤੇ ਕੁਧਰਮੀ ਨੂੰ ਏਵੇਂ ਨਹੀਂ ਛੱਡਦਾ ਪਰ ਪੇਵਾਂ ਦਾ ਕੁਧਰਮ**
**ਉਨ੍ਹਾਂ ਦੇ ਪੁੱਤ੍ਰਾਂ ਉੱਤੇ ਅਤੇ ਪੁੱਤ੍ਰਾਂ ਦੇ ਪੁੱਤ੍ਰਾਂ ਉੱਤੇ ਤੀਜੀ ਚੌਥੀ ਪੀੜ੍ਹੀ ਤੀਕ ਬਦਲਾ ਲੈਣ ਹਾਰ ਹੈ। [8]ਤਾਂ**
**ਮੂਸਾ ਨੇ ਛੇਤੀ ਕਰ ਕੇ ਆਪਣਾ ਸੀਸ ਧਰਤੀ ਉੱਤੇ ਨਿਵਾਇਆ ਅਤੇ ਮੱਥਾ ਟੇਕਿਆ। [9]ਅਤੇ ਉਸ**
**ਆਖਿਆ, ਹੇ ਪ੍ਰਭੂ, ਜੇ ਤੇਰੀ ਕਿਰਪਾ ਦੀ ਨਿਗਾਹ ਮੇਰੇ ਉੱਤੇ ਹੈ ਤਾਂ ਪ੍ਰਭੂ ਸਾਡੇ ਨਾਲ ਨਾਲ ਚੱਲੇ**
**ਭਾਵੇਂ ਏਹ ਹਠੀਏ ਹੀ ਲੋਕ ਹਨ ਅਰ ਸਾਡਾ ਕੁਧਰਮ ਅਰ ਸਾਡਾ ਪਾਪ ਬਖ਼ਸ਼ੇ ਅਰ ਸਾਨੂੰ ਆਪਣਾ**
**ਅਧਕਾਰੀ ਬਣਾਵੇ।**

**ਆਇਤ 5.** ਪਹਾੜ ਦੇ ਉੱਤੇ, ਮੂਸਾ ਨੇ **ਯਹੋਵਾਹ ਦੇ ਨਾਮ ਦਾ ਪਰਚਾਰ ਕੀਤਾ**; ਉਸ ਨੇ ਪ੍ਰਾਰਥਨਾ ਕੀਤੀ ਅਤੇ ਪਰਮੇਸ਼ੁਰ ਦੀ ਬੰਦਗੀ ਕੀਤੀ। ਪਰਮੇਸ਼ੁਰ ਨੇ **ਬੱਦਲ ਵਿੱਚ** ਉੱਤਰ ਕੇ ਜਵਾਬ ਦਿੱਤਾ, ਜੋ ਉਸ ਦੀ ਹਜ਼ੂਰੀ ਦਾ ਚਿੰਨ੍ਹ ਸੀ। ਇਸ ਤੋਂ ਇਲਾਵਾ, ਪਰਮੇਸ਼ੁਰ **ਉਸ ਦੇ ਨਾਲ ਖਲੋਤਾ**।

**ਆਇਤ 6.** ਅੱਗੇ ਜੋ ਹੋਇਆ ਉਸ ਇਹ ਚਰਮ ਘਟਨਾ ਸੀ ਜਿਸ ਦੀ ਪਰਮੇਸ਼ੁਰ ਦੀ ਘੋਸ਼ਣਾ ਤੋਂ ਹੀ ਉਡੀਕ ਕੀਤੀ ਗਈ ਸੀ ਕਿ ਉਹ ਇਸਰਾਏਲ ਦੇ ਨਾਲ ਨਹੀਂ ਹੋਵੇਗਾ (33:3)। **ਯਹੋਵਾਹ** ਮੂਸਾ **ਦੇ ਅੱਗੋਂ ਲੰਘ ਗਿਆ**। ਪਰਮੇਸ਼ੁਰ ਦਾ ਇਹ ਪਰਕਾਸ਼ ਇਕ ਬਹੁਤ ਹੀ ਮਹੱਤਵਪੂਰਣ ਮੌਕਾ ਸੀ ਜਦੋਂ ਉਸ ਨੇ ਮੂਸਾ ਅੱਗੇ ਆਪਣੇ ਆਪ ਨੂੰ ਜਾਣੂ ਕਰਾਉਣਾ ਸਵੀਕਾਰ ਕੀਤਾ ਸੀ। ਉਸ ਤੋਂ ਬਾਅਦ ਮੂਸਾ ਨੂੰ ਉਸ ਵਜੋਂ ਜਾਣਿਆ ਗਿਆ ਜਿਸ ਨੇ ਪਰਮੇਸ਼ੁਰ ਨੂੰ ਵੇਖਿਆ ਸੀ। 34:29-35 ਅਨੁਸਾਰ ਉਸ ਅਨੁਭਵ ਦਾ ਸਬੂਤ ਉਸ ਦੇ ਮੂੰਹ ਤੇ ਦਿਸਦਾ ਸੀ।

ਪਰਮੇਸ਼ੁਰ ਨੇ ਨਾ ਸਿਰਫ ਮੂਸਾ ਨੂੰ ਦਰਸ਼ਣ ਦਿੱਤਾ, ਪਰ ਉਸ ਨੇ ਆਪਣੇ ਨਾਮ ਅਤੇ ਆਪਣੇ ਸੁਭਾਅ ਦਾ "ਪਰਚਾਰ" ਵੀ ਕੀਤਾ (33:19)। ਉਸ ਨੇ ਦੱਸਿਆ ਕਿ ਉਸ ਦਾ ਨਿੱਜੀ ਨਾਮ **ਯਹੋਵਾਹ** ("ਯਾਹਵੇਹ") ਹੈ। ਇਹ ਨਾਮ ਉਸ ਦੇ ਸਾਰੇ ਰੱਬੀ ਗੁਣਾਂ ਨਾਲ ਪਰਮੇਸ਼ੁਰ ਨੂੰ ਦਰਸਾਉਂਦਾ ਹੈ। ਅਗਲੀ ਗੱਲ, ਦੁਹਰਾਉਣ ਨਾਲ, ਉਸ ਨੇ ਪੁਸ਼ਟੀ ਕੀਤੀ ਸੀ ਕਿ ਉਹ ਯਹੋਵਾਹ ਪਰਮੇਸ਼ੁਰ ਹੈ। ਇਸਰਾਏਲ ਕੋਲ ਇਕ ਸ਼ਕਤੀਸ਼ਾਲੀ ਪਰਮੇਸ਼ੁਰ, ਇੱਕੋ ਸੱਚਾ ਪਰਮੇਸ਼ੁਰ ਸੀ ਜਿਸ ਦਾ ਨਾਮ "ਯਹੋਵਾਹ" ਹੈ।

ਪਰਮੇਸ਼ੁਰ ਨੇ ਪੰਜ ਗੁਣਾਂ ਦੀ ਸੂਚੀ ਦੇਣ ਦੁਆਰਾ ਆਪਣੇ ਸੁਭਾਅ ਦਾ ਵਰਣਨ ਕੀਤਾ।[1] (1) ਉਹ **ਦਿਆਲੂ** ਜਾਂ "ਦਯਾਵਾਨ" ਹੈ (KJV), "ਰਹਿਮ ਦਾ ਪਰਮੇਸ਼ੁਰ" (NJB)। ਉਹ ਆਪਣੇ ਲੋਕਾਂ ਦੀ ਬਹੁਤ ਜ਼ਿਆਦਾ ਚਿੰਤਾ ਕਰਦਾ ਹੈ ਜਿਵੇਂ ਇਕ ਪਿਤਾ ਆਪਣੇ ਬੱਚਿਆਂ ਦੀ ਚਿੰਤਾ ਕਰਦਾ ਹੈ। (2) ਉਹ **ਕਿਰਪਾਲੂ** ਹੈ, ਉਹ ਉਨ੍ਹਾਂ ਤੇ ਵੀ ਕਿਰਪਾ ਕਰਦਾ ਹੈ ਜਿਹੜੇ ਉਸ ਦੀ ਕਿਰਪਾ ਪ੍ਰਾਪਤ ਕਰਨ ਦੇ ਯੋਗ ਵੀ ਨਹੀਂ ਹੈ। (3) ਉਹ **ਕਰੋਧ ਵਿੱਚ ਧੀਰਜੀ**, ਅਰਥਾਤ, "ਸਹਿਣਸ਼ੀਲ" (KJV) ਅਤੇ "ਧੀਰਜਵਾਨ" (CEV) ਹੈ। (4) ਉਹ **ਭਲਿਆਈ** ਜਾਂ "ਵਫ਼ਾਦਾਰ ਪ੍ਰੇਮ" (NJB) ਨਾਲ ਭਰਪੂਰ ਹੈ। (5) ਉਹ **ਸਚਿਆਈ** ਜਾਂ "ਵਫ਼ਾਦਾਰੀ" (NIV) ਨਾਲ ਵੀ ਭਰਪੂਰ ਹੈ। ਪਰਮੇਸ਼ੁਰ ਆਪਣੇ ਨੇਮ ਦੇ ਪ੍ਰਤੀ ਵਫ਼ਾਦਾਰ ਰਿਹਾ ਹੈ ਜਦੋਂ ਉਸ ਦੇ ਲੋਕਾਂ ਨੇ ਉਸ ਨੂੰ ਨਿਰਾਸ਼ ਕੀਤਾ ਅਤੇ ਛੱਡ ਵੀ ਗਏ।

**ਆਇਤ 7.** ਯਹੋਵਾਹ **ਹਜਾਰਾਂ ਲਈ ਭਲਿਆਈ ਰੱਖਣ ਵਾਲਾ** ਹੈ (ਵੇਖੋ 20:6) ਅਤੇ **ਕੁਧਰਮ, ਅਪਰਾਧ ਅਰ ਪਾਪ ਦਾ ਬਖ਼ਸ਼ਣ ਹਾਰ** ਹੈ। ਹਜਾਰਾਂ ਲਈ ਭਲਿਆਈ ਵਿਖਾਉਣ ਦੀ ਉਸ ਦੀ ਆਦਤ ਉਸ ਦੇ ਪ੍ਰੇਮ, ਖਾਸਕਰ ਉਸ ਦੀ ਦਯਾ ਦੀ ਵਿਆਪਕ ਸੀਮਾ ਨੂੰ ਵਿਅਕਤ ਕਰਦੀ ਹੈ ਜੋ ਉਸ ਨੇ ਉਨ੍ਹਾਂ ਉੱਤੇ ਕੀਤੀ ਜਿਹੜੇ ਉਸ ਦੇ ਨਾਲ ਨੇਮ ਦੇ ਰਿਸ਼ਤੇ ਵਿਚ ਸਨ। ਇਹ ਖ਼ਬਰ ਕਿ ਪਰਮੇਸ਼ੁਰ ਮਾਫ਼ ਕਰਦਾ ਹੈ ਮੂਸਾ ਅਤੇ ਇਸਰਾਏਲ ਦੇ ਲਈ ਵੱਡੀ ਰਾਹਤ ਲੈ ਕੇ ਆਈ, ਕਿਉਂਕਿ ਲੋਕਾਂ ਨੇ ਗੰਭੀਰ ਪਾਪ ਕੀਤੇ ਸਨ ਅਤੇ ਉਨ੍ਹਾਂ ਨੂੰ ਮਾਫ਼ੀ ਦੀ ਬਹੁਤ ਜ਼ਿਆਦਾ ਲੋੜ ਸੀ (32:30-32)। ਪਰਮੇਸ਼ੁਰ ਦੀ ਦਯਾ ਦੀ ਗਹਿਰਾਈ ਤੇ ਆਗਿਆਕਾਰੀ ਲਈ ਵਰਤੇ ਗਏ ਤਿੰਨ ਸ਼ਬਦਾਂ ਦੁਆਰਾ ਜ਼ੋਰ ਦਿੱਤਾ ਗਿਆ ਹੈ: "ਕੁਧਰਮ," "ਅਪਰਾਧ" ਅਤੇ "ਪਾਪ।"

ਉਸ ਦੇ ਨਾਲ-ਨਾਲ, ਪਰਮੇਸ਼ੁਰ ਧਰਮੀ ਨਾਲੇ ਦਿਆਲੂ ਹੈ: ਉਹ ਕੁਧਰਮੀ ਨੂੰ ਏਵੇਂ ਨਹੀਂ ਛੱਡਦਾ ਪਰ ਪੇਵਾਂ ਦਾ ਕੁਧਰਮ ਉਨ੍ਹਾਂ ਦੇ ਪੁੱਤ੍ਰਾਂ ਉੱਤੇ ਅਤੇ ਪੁੱਤ੍ਰਾਂ ਦੇ ਪੁੱਤ੍ਰਾਂ ਉੱਤੇ ਤੀਜੀ ਚੌਥੀ ਪੀੜ੍ਹੀ ਤੀਕ ਬਦਲਾ ਲੈਣ ਹਾਰ ਹੈ (20:5 ਤੇ ਟਿੱਪਣੀਆਂ ਵੇਖੋ)। ਉਸ ਦਾ ਨਿਆਂ ਮੰਗ ਕਰਦਾ ਹੈ ਕਿ ਉਹ "ਦੋਸ਼ੀ" ਨੂੰ ਸਜ਼ਾ ਦੇਵੇ।

**ਆਇਤ 8.** ਪਰਮੇਸ਼ੁਰ ਦੇ ਆਪਣੇ ਆਪ ਨੂੰ ਮੂਸਾ ਦੇ ਅੱਗੇ ਪਰਗਟ ਕਰਨ ਤੋਂ ਬਾਅਦ, ਮੂਸਾ ਨੇ ਆਪਣਾ ਸੀਸ ਧਰਤੀ ਉੱਤੇ ਨਿਵਾਇਆ ਅਤੇ ਯਹੋਵਾਹ ਨੂੰ **ਮੱਥਾ ਟੇਕਿਆ**। ਸੱਚੇ ਅਤੇ ਜੀਉਂਦੇ ਪਰਮੇਸ਼ੁਰ ਨਾਲ ਮੁਲਾਕਾਤ ਦਾ ਉਚਿਤ ਜਵਾਬ (1) ਦੀਨਤਾ ਹੈ, ਜਦੋਂ ਮਨੁੱਖ ਦੇ ਅੰਦਰ ਇਹ ਭਾਵ ਆ ਜਾਂਦਾ ਹੈ ਕਿ ਉਹ ਪਰਮੇਸ਼ੁਰ ਦੇ ਮੁਕਾਬਲੇ ਪਾਪੀ ਅਤੇ ਅਯੋਗ ਹੈ ਅਤੇ (2) ਬੰਦਗੀ ਹੈ, ਉਸਤਤ ਨਾਲ ਉਸ ਦੀ ਵੱਡੀ ਸ਼ਕਤੀ ਅਤੇ ਭਲਿਆਈ ਨੂੰ ਸਵੀਕਾਰ ਕਰਨਾ।

**ਆਇਤ 9.** ਮੂਸਾ ਨੇ ਫੇਰ ਪਰਮੇਸ਼ੁਰ ਦੀ ਹਜ਼ੂਰੀ ਅਤੇ **ਮਾਫ਼ੀ** ਦੀ ਮੰਗ ਕੀਤੀ। ਉਸ ਨੇ ਬੇਨਤੀ ਕੀਤੀ ਸੀ ਕਿ ਯਹੋਵਾਹ (אֲדֹנָי, *ਅਡੋਨੇ)* ਇਸਰਾਏਲ ਦੇ **ਲੋਕਾਂ ਦੇ ਨਾਲ ਨਾਲ ਚੱਲੇ** ਜਦੋਂ ਉਹ ਕਨਾਨ ਨੂੰ ਜਾਂਦੇ ਸਨ, ਇਹ ਇਕ ਅਜਿਹੀ ਚੀਜ਼ ਸੀ ਜੋ ਪਰਮੇਸ਼ੁਰ ਨੇ ਪਹਿਲਾਂ ਆਖੀ ਸੀ ਕਿ ਉਹ ਨਹੀਂ ਸੀ ਕਰਨਾ ਚਾਹੁੰਦਾ (33:3)। ਮੂਸਾ ਨੇ ਇਸਰਾਏਲ ਦੇ ਪਾਪ ਦਾ ਇਨਕਾਰ ਨਹੀਂ ਕੀਤਾ ਜਾਂ ਇਸ ਦੇ ਬਾਰੇ ਕੋਈ ਬਹਾਨਾ ਨਹੀਂ ਬਣਾਇਆ, ਬਲਕਿ ਉਸ ਨੇ ਇਸ ਗੱਲ ਦਾ ਇਕਰਾਰ ਕੀਤਾ ਕਿ ਉਹ ਹਠੀਏ ਜਾਂ "ਹਠੀ" ਸਨ (32:9 ਤੇ ਟਿੱਪਣੀਆਂ ਵੇਖੋ)। ਮੂਸਾ ਨੇ ਫਿਰ ਪਰਮੇਸ਼ੁਰ ਕੋਲੋਂ ਮਾਫ਼ੀ ਮੰਗੀ ਅਤੇ ਉਸ ਨੂੰ ਆਖਿਆ ਕਿ ਉਹ ਉਨ੍ਹਾਂ ਨਾਲ ਆਪਣੇ ਨੇਮ ਨੂੰ ਨਵੇਂ ਸਿਰੇ ਤੋਂ ਨਵਾਂ ਕਰੇ ਅਤੇ ਉਨ੍ਹਾਂ ਨੂੰ ਉਸ ਦੀ **ਆਪਣੀ ਨਿਜੀ ਪਰਜਾ** ਵਜੋਂ ਵਾਪਸ ਲੈ ਕੇ ਜਾਵੇ (ਵੇਖੋ 19:5)।

## ਨਵੇਂ ਸਿਰਿਓਂ ਨੇਮ ਦਾ ਬੰਨ੍ਹਿਆ ਜਾਣਾ (34:10)

**10ਉਸ ਆਖਿਆ, ਵੇਖ ਮੈਂ ਇੱਕ ਨੇਮ ਬੰਨ੍ਹਦਾ ਹਾਂ। ਤੇਰੇ ਸਾਰੇ ਲੋਕਾਂ ਦੇ ਸਾਹਮਣੇ ਮੈਂ ਅਜੇਹੇ ਅਚਰਜ ਕਰਾਂਗਾ ਜਿਹੜੇ ਨਾ ਸਾਰੀ ਧਰਤੀ ਉੱਤੇ ਨਾ ਕਿਸੇ ਕੌਮ ਵਿੱਚ ਕੀਤੇ ਗਏ ਹੋਣ ਅਤੇ ਸਾਰੇ ਲੋਕ ਜਿਨ੍ਹਾਂ ਦੇ ਵਿੱਚ ਤੂੰ ਹੈਂ ਯਹੋਵਾਹ ਦਾ ਕੰਮ ਵੇਖਣਗੇ ਕਿਉਂ ਜੋ ਉਹ ਇੱਕ ਡਰਾਉਣੀ ਗੱਲ ਹੈ ਜਿਹੜੀ ਮੈਂ ਤੇਰੇ ਨਾਲ ਕਰਦਾ ਹਾਂ।**

**ਆਇਤ 10.** ਪਰਮੇਸ਼ੁਰ ਮੂਸਾ ਦੀ ਬੇਨਤੀ ਨਾਲ ਸਹਿਮਤ ਹੋ ਗਿਆ, ਇਹ ਕਹਿੰਦੇ ਹੋਏ ਕਿ ਉਹ **ਇੱਕ ਨੇਮ ਬੰਨ੍ਹੇਗਾ**। ਇੱਥੇ ਜਿਸ ਨੇਮ ਬਾਰੇ ਕਿਹਾ ਗਿਆ ਸੀ ਉਹ ਪਰਮੇਸ਼ੁਰ ਦੇ ਉਸ ਨੇਮ ਦੇ ਵਿਸਥਾਰ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ ਜੋ ਪਰਮੇਸ਼ੁਰ ਨੇ ਪਹਿਲਾਂ ਇਸਰਾਏਲ ਦੇ ਨਾਲ ਬੰਨ੍ਹਿਆ ਸੀ (19:5, 6; ਵੇਖੋ ਬਿਵਸਥਾ ਸਾਰ 9; 10)। ਆਰ. ਐਲਨ ਕੋਲ ਨੇ ਟਿੱਪਣੀ ਕੀਤੀ ਸੀ, "'ਨਵਿਆਉਣ'" ਦਾ ਇਹ ਪਹਿਲੂ ਜੇਕਰ ਸ਼ਬਦਾਂ ਦਾ ਨਹੀਂ, ਤਾਂ ਵਿਚਾਰ ਦੇ ਦੁਹਰਾਉਣ ਦਾ

ਕਾਰਣ ਦੱਸਦਾ ਹੈ (ਉਦਾਹਰਣ ਦੇ ਲਈ, ਪਰਮੇਸ਼ੁਰ ਦੇ ਪਰਕਾਸ਼ ਵਿਚ, 5-7 ਆਇਤਾਂ ਵਿਚ ਅਤੇ ਨੇਮ ਦੇ ਸ਼ਬਦਾਂ ਵਿਚ, 12-25 ਆਇਤਾਂ ਵਿਚ)।"[2]

ਪਰਮੇਸ਼ੁਰ ਨੇ ਸਮਝਾਇਆ ਕਿ ਉਸ ਦੇ ਖਾਸ **ਲੋਕ** ਹੋਣ ਦਾ ਅਰਥ ਕੀ ਸੀ: ਕਿਉਂਕਿ ਇਸਰਾਏਲੀ ਉਸ ਦੇ ਸਨ, ਉਹ ਉਨ੍ਹਾਂ ਦੇ ਲਈ **ਅਜੇਹੇ ਅਚਰਜ ਕਰੇਗਾ ਜਿਹੜੇ ਨਾ ਸਾਰੀ ਧਰਤੀ ਉੱਤੇ ਨਾ ਕਿਸੇ ਕੌਮ ਵਿੱਚ ਕੀਤੇ ਗਏ ਹੋਣ।** ਨਿਸ਼ਚਤ ਰੂਪ ਵਿਚ ਜਦੋਂ ਪਰਮੇਸ਼ੁਰ ਨੇ ਇਨ੍ਹਾਂ "ਚਮਤਕਾਰਾਂ" ਜਾਂ "ਅਚਰਜ ਕੰਮਾਂ" (NIV) ਦੀ ਗੱਲ ਕੀਤੀ ਤਾਂ ਉਸ ਦਾ ਅਰਥ ਕੀ ਸੀ ਇਹ ਅਸਪੱਸ਼ਟ ਹੈ। ਇਸਰਾਏਲ ਨੇ ਉਜਾੜ ਵਿਚ ਪਹਿਲਾਂ ਹੀ ਬਹੁਤ ਚਮਤਕਾਰ ਵੇਖੇ ਸਨ, ਪਰ ਹੋਰ ਕਈ ਚਮਤਕਾਰ ਹਾਲੇ ਆਉਣ ਵਾਲੇ ਸਨ। ਸ਼ਾਇਦ ਪਰਮੇਸ਼ੁਰ ਉਨ੍ਹਾਂ ਚਮਤਕਾਰਾਂ ਦੀ ਨਬੂਵਤ ਕਰ ਰਿਹਾ ਸੀ ਜੋ ਕਨਾਨ ਦੀ ਜਿੱਤ ਨਾਲ ਸੰਬੰਧਤ ਸਨ। ਕੌਮਾਂ ਨੇ ਪਹਿਲਾਂ ਕਦੇ ਵੀ ਇਸਰਾਏਲ ਦੇ ਯਰਦਨ ਨਦੀ ਨੂੰ ਸੁੱਕੀ ਭੂਮੀ ਤੇ ਪਾਰ ਕਰਨ ਜਾਂ ਪਰਮੇਸ਼ੁਰ ਦੇ ਯਰੀਹੋ ਦੀਆਂ ਕੰਧਾਂ ਨੂੰ ਢਾਹੁਣ ਵਰਗੀ ਕੋਈ ਚੀਜ਼ ਨਹੀਂ ਸੀ ਵੇਖੀ (ਯਹੋਸ਼ੁਆ 3; 6)। ਇਸਰਾਏਲ ਦੀ ਖਾਤਰ ਉਸ ਦੇ ਕੰਮ **ਡਰਾਉਣੀ ਗੱਲ**, ਅਰਥਾਤ, "ਅਦਭੁਤ ਗੱਲ" (NRSV) ਹੋਣਗੇ। ਕੌਮਾਂ ਨੇ ਪਰਮੇਸ਼ੁਰ ਦੁਆਰਾ ਕੀਤੇ ਗਏ ਅੰਨ੍ਹੇਵਾਹ ਨਾਸ ਦਾ ਅਨੁਭਵ ਕਰਨਾ ਸੀ - ਕਈ ਵਾਰ ਚਮਤਕਾਰੀ ਵਸੀਲਿਆਂ ਦੁਆਰਾ।[3]

## ਬਿਵਸਥਾ ਦਾ ਦੁਬਾਰਾ ਜਾਰੀ ਕੀਤਾ ਜਾਣ (34:11-26)

### ਕਿਸੇ ਵੀ ਕੌਮ ਨਾਲ ਨੇਮ ਬੰਨ੍ਹਣ ਵਿਰੁੱਧ ਪਰਮੇਸ਼ੁਰ ਦੀ ਚਿਤਾਵਨੀ (34:11-17)

**[11]ਜੋ ਮੈਂ ਤੈਨੂੰ ਅੱਜ ਦੇ ਦਿਨ ਹੁਕਮ ਦਿੰਦਾ ਹਾਂ ਉਸ ਨੂੰ ਮੰਨੇ ਅਤੇ ਵੇਖ ਮੈਂ ਤੇਰੇ ਅੱਗੋਂ ਅਮੋਰੀ,
ਕਨਾਨੀ, ਹਿੱਤੀ, ਫਰਿੱਜੀ, ਹਿੱਵੀ ਅਤੇ ਯਸੂਬੀਆਂ ਨੂੰ ਧੱਕ ਰਿਹਾ ਹਾਂ। [12]ਸੁਚੇਤ ਰਹੁ ਮਤੇ ਤੂੰ ਉਸ
ਧਰਤੀ ਦੇ ਵਸਨੀਕਾਂ ਨਾਲ ਨੇਮ ਬੰਨ੍ਹੇਂ ਜਿੱਥੇ ਤੂੰ ਜਾਂਦਾ ਹੈ ਅਜੇਹਾ ਨਾ ਹੋਵੇ ਜੋ ਉਹ ਤੇਰੇ ਵਿਚਕਾਰ
ਇੱਕ ਫਾਹੀ ਹੋਵੇ। [13]ਕਿਉਂ ਜੋ ਤੁਸਾਂ ਉਨ੍ਹਾਂ ਦੀਆਂ ਜਗਵੇਦੀਆਂ ਨੂੰ ਢਾਉਣਾ ਅਰ ਉਨ੍ਹਾਂ ਦੇ ਥੰਮ੍ਹਾਂ ਨੂੰ
ਚੂਰ ਚੂਰ ਕਰਨਾ ਹੈ ਅਤੇ ਉਨ੍ਹਾਂ ਦੇ ਟੁੰਡਾਂ ਨੂੰ ਵੱਢ ਸੁੱਟਣਾ। [14]ਤੂੰ ਹੋਰ ਕਿਸੇ ਦੇਵਤੇ ਅੱਗੇ ਮੱਥਾ ਨਾ
ਟੇਕੀਂ। ਯਹੋਵਾਹ ਜਿਸ ਦਾ ਨਾਮ ਗ਼ੈਰਤ ਵਾਲਾ ਹੈ ਉਹ ਇੱਕ ਗ਼ੈਰਤੀ ਪਰਮੇਸ਼ੁਰ ਹੈ। [15]ਮਤੇ ਤੂੰ ਉਸ
ਦੇਸ ਦੇ ਵਸਨੀਕਾਂ ਨਾਲ ਨੇਮ ਬੰਨ੍ਹੇਂ ਅਤੇ ਜਦ ਓਹ ਆਪਣੇ ਦੇਵਤਿਆਂ ਦੇ ਪਿੱਛੇ ਜ਼ਨਾਕਾਰੀ ਕਰਨ
ਅਤੇ ਆਪਣੇ ਦੇਵਤਿਆਂ ਨੂੰ ਬਲੀਆਂ ਚੜ੍ਹਾਉਣ ਤਾਂ ਕੋਈ ਤੈਨੂੰ ਸੱਦੇ ਅਰ ਤੂੰ ਉਸ ਦੀ ਬਲੀ ਤੋਂ ਖਾਵੇਂ।
[16]ਅਤੇ ਤੂੰ ਉਨ੍ਹਾਂ ਦੀਆਂ ਧੀਆਂ ਆਪਣੇ ਪੁੱਤ੍ਰਾਂ ਲਈ ਲਵੇਂ ਅਰ ਉਨ੍ਹਾਂ ਦੀਆਂ ਧੀਆਂ ਆਪਣੇ ਦੇਵਤਿਆਂ
ਦੇ ਪਿੱਛੇ ਜ਼ਨਾਕਾਰੀ ਕਰਨ ਅਤੇ ਤੇਰੇ ਪੁੱਤ੍ਰਾਂ ਤੋਂ ਵੀ ਆਪਣੇ ਦੇਵਤਿਆਂ ਦੇ ਮੱਗਰ ਜ਼ਨਾਕਾਰੀ
ਕਰਾਉਣ। [17]ਤੂੰ ਆਪਣੇ ਲਈ ਢਾਲੇ ਹੋਏ ਦੇਵਤੇ ਨਾ ਬਣਾਈਂ।**

**ਆਇਤਾਂ 11, 12.** ਜਦ ਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਭਰੋਸਾ ਦਿੱਤਾ ਸੀ ਕਿ ਉਹ ਨੇਮ ਦੇ ਆਪਣੇ ਹਿੱਸੇ ਨੂੰ ਪੂਰਾ ਕਰੇਗਾ, ਉਸ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਕਿਵੇਂ ਪੂਰਾ ਕਰਨਾ ਸੀ। ਉਹ ਨੇਮ ਜੋ ਯਹੋਵਾਹ ਦੇ ਨਾਲ ਨਵੇਂ ਸਿਰੇ ਤੋਂ ਬੰਨ੍ਹ ਰਹੇ ਸਨ ਵਿਸ਼ੇਸ਼ ਸੀ। ਉਨ੍ਹਾਂ ਨੂੰ ਉਸ **ਧਰਤੀ** ਦੇ ਵਸਨੀਕਾਂ ਨਾਲ ਰਿਸ਼ਤੇ ਦੇ **ਨੇਮ** ਨੂੰ ਬੰਨ੍ਹਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਸੀ ਜਿੱਥੇ ਉਹ ਜਾ ਰਹੇ ਸਨ, ਭਾਵੇਂ ਉਹ **ਅਮੋਰੀ, ਕਨਾਨੀ, ਹਿੱਤੀ, ਫਰਿੱਜੀ, ਹਿੱਵੀ**, ਜਾਂ **ਯਸੂਬੀ** ਹੋਣ (ਵੇਖੋ 3:8, 17; 13:5; 23:23; 33:2)। ਕਿਉਂ? ਕਿਉਂਕਿ ਪਰਮੇਸ਼ੁਰ ਦਾ ਇਰਾਦਾ ਇਨ੍ਹਾਂ ਲੋਕਾਂ ਨੂੰ "ਪੂਰੀ ਤਰ੍ਹਾਂ ਨਾਸ ਕਰਨ" (23:23) ਅਤੇ [ਉਨ੍ਹਾਂ ਨੂੰ] ਵਾਅਦੇ ਦੀ ਧਰਤੀ ਵਿੱਚੋਂ **ਧੱਕਣ** (ਬਾਹਰ ਕੱਢਣ) ਦਾ ਸੀ। ਇਸ ਤੋਂ ਇਲਾਵਾ, ਇਹੋ ਜਿਹਾ ਨੇਮ ਪਰਮੇਸ਼ੁਰ ਦੇ ਲੋਕਾਂ ਦੇ

ਲਈ **ਫਾਹੀ ਬਣ** ਜਾਣਾ ਸੀ ਜੋ ਲੋਕਾਂ ਨੂੰ ਪਾਪ ਅਤੇ ਨਾਸ ਦੀ ਵੱਲ ਲੈ ਜਾਣਾ ਸੀ (10:7; 23:33 ਤੇ ਟਿੱਪਣੀਆਂ ਵੇਖੋ)।

**ਆਇਤ 13.** ਇਹ ਯਕੀਨੀ ਬਣਾਉਣ ਦੇ ਲਈ ਕਿ ਇਸਰਾਏਲੀਆਂ ਨੇ ਕਨਾਨੀ ਕੌਮਾਂ ਨਾਲ ਨੇਮ ਨਹੀਂ ਬੰਨ੍ਹਿਆ ਸੀ, ਉਨ੍ਹਾਂ ਨੇ **ਉਨ੍ਹਾਂ ਦੀਆਂ ਜਗਵੇਦੀਆਂ ਨੂੰ ਢਾਉਣਾ** ਸੀ ਜਿਹੜੀਆਂ ਉਨ੍ਹਾਂ ਦੇ ਦੇਵਤਿਆਂ ਨੂੰ ਬਲੀ ਚੜ੍ਹਾਉਣ ਦੇ ਲਈ ਵਰਤੀਆਂ ਗਈਆਂ ਸਨ। ਇਸ ਤੋਂ ਇਲਾਵਾ, ਇਸਰਾਏਲੀਆਂ ਨੇ **ਉਨ੍ਹਾਂ ਦੇ ਥੰਮ੍ਹਾਂ ਨੂੰ ਚੂਰ ਚੂਰ ਕਰਨਾ ਅਤੇ ਉਨ੍ਹਾਂ ਦੇ ਟੁੰਡਾਂ** (ਆਸ਼ਰਾ ਦੇਵੀ ਦਾ ਨਿਸ਼ਾਨ) **ਨੂੰ ਵੱਢ ਸੁੱਟਣਾ** ਸੀ (23:24 ਤੇ ਟਿੱਪਣੀਆਂ ਵੇਖੋ)। "ਟੁੰਡਾਂ" "ਆਸ਼ਰਾ" ਦਾ ਬਹੁਵਚਨ ਰੂਪ ਹੈ, ਪਰਤੱਖ ਰੂਪ ਵਿਚ "ਉੱਕਰੀ ਹੋਈ ਟੁੰਡ ਜੋ ਕਿ ਦੇਵੀ (ਉਸ ਦੇ ਨਾਮ ਤੋਂ) ਜਾਂ ਉਸ ਦੇ ਪਵਿੱਤਰ ਰੁੱਖ ਨਾਮ ਮਿਲਦੀ ਸੀ"; ਅਜਿਹੀ ਚੀਜ਼ "ਪਰਤੱਖ ਰੂਪ ਵਿਚ ਲੱਕੜੀ ਦੀ ਬਣੀ ਸੀ (ਨਿਆਈਆਂ 6:25, 26; 1 ਰਾਜਿਆਂ 15:13) ਅਤੇ ਜਗਵੇਦੀ ਦੇ ਨਾਲ ਖੜ੍ਹੀ ਹੁੰਦੀ ਸੀ।"[4]

**ਆਇਤ 14.** ਇਹ ਸ਼ਰਤ ਦਸ ਹੁਕਮਾਂ ਦੇ ਪਹਿਲੇ ਦੋ ਹੁਕਮਾਂ ਤੇ ਅਧਾਰਿਤ ਸੀ: **ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ** (ਵੇਖੋ 20:3) ਅਤੇ "ਤੂੰ ਆਪਣੇ ਲਈ ਢਾਲੇ ਹੋਏ ਦੇਵਤੇ ਨਾ ਬਣਾਈਂ" (34:17; ਵੇਖੋ 20:4)। ਪਰਮੇਸ਼ੁਰ ਨੇ ਆਪਣੇ ਆਪ ਦਾ **ਗ਼ੈਰਤ ਵਾਲਾ** ਪਰਮੇਸ਼ੁਰ ਹੋਣ ਦਾ ਵਰਣਨ ਇਸ ਭਾਵ ਵਿਚ ਕੀਤਾ ਕਿ ਉਹ ਇਸਰਾਏਲ ਦੇ ਜੀਵਨ ਵਿਚ ਕਿਸੇ ਵਿਅਕਤੀ ਨੂੰ ਜਾਂ ਕਿਸੇ ਚੀਜ਼ ਨੂੰ ਉਸ ਦਾ ਵਿਰੋਧੀ ਨਹੀਂ ਬਣਨ ਦੇਵੇਗਾ। ਲੋਕਾਂ ਦੀ ਨਿੰਦਾ ਕੀਤੀ ਜਾਵੇਗੀ ਜੇਕਰ ਉਹ ਦੂਜੇ ਦੇਵਤਿਆਂ ਦੀ ਪੂਜਾ ਕਰਨਗੇ (20:5 ਤੇ ਟਿੱਪਣੀਆਂ ਵੇਖੋ)।

**ਆਇਤਾਂ 15, 16.** ਉਸ **ਦੇਸ** ਦੇ ਵਸਨੀਕਾਂ ਨਾਲ **ਨੇਮ** ਬੰਨ੍ਹਣਾ ਜਾਂ ਬੰਨ੍ਹਣੇ ਇਸਰਾਏਲ ਨੂੰ **ਉਨ੍ਹਾਂ ਦੇ ਦੇਵਤਿਆਂ ਨੂੰ ਬਲੀਆਂ ਚੜ੍ਹਾਉਣ**, ਮੂਰਤੀਆਂ ਨੂੰ ਚੜ੍ਹਾਈਆਂ ਗਈਆਂ **ਬਲੀਆਂ ਨੂੰ ਖਾਣ** ਦੀ ਵੱਲ ਲਿਜਾ ਸਕਦੇ ਸਨ। ਇਨ੍ਹਾਂ ਕੌਮਾਂ ਵਿਚ ਵਿਆਹ ਕਰਨਾ ਇਸਰਾਏਲ ਦੇ ਲਈ **ਉਨ੍ਹਾਂ ਦੇ ਦੇਵਤਿਆਂ ਦੇ ਪਿੱਛੇ ਜ਼ਨਾਕਾਰੀ ਕਰਨ** ਦਾ ਕਾਰਣ ਬਣੇਗਾ। ਇਹ ਸ਼ਬਦਾਵਲੀ ਮੁੱਖ ਰੂਪ ਵਿਚ ਇਸਰਾਏਲ ਦੇ ਅਸਲੀ "ਪਤੀ", ਯਹੋਵਾਹ ਨੂੰ ਤਿਆਗਣ ਦੀ ਆਤਮਿਕ ਜ਼ਨਾਹਕਾਰੀ ਅਤੇ "ਪ੍ਰੇਮੀਆਂ" ਜਾਂ ਝੂਠੇ ਦੇਵਤਿਆਂ ਦੇ ਪਿੱਛੇ ਜਾਣ ਦਾ ਹਵਾਲਾ ਦਿੰਦੀ ਹੈ (ਹਿਜ਼ਕੀਏਲ 16; ਹੋਸ਼ੇਆ 2)। ਪਰ, ਯੌਨ ਕਿਰਿਆਵਾਂ ਕੁਖਿਆਤ ਰੂਪ ਵਿਚ ਮਿਸ਼ਰਤ ਗੈਰ-ਯਹੂਦੀ ਲੋਕਾਂ ਦੀਆਂ ਧਾਰਮਿਕ ਰਸਮਾਂ ਦਾ ਅਕਸਰ ਹਿੱਸਾ ਹੁੰਦੀਆਂ ਸਨ।

ਇਸ ਚਿਤਾਵਨੀ ਦੇ ਲਈ ਇਸਰਾਏਲ ਦੀ ਲੋੜ ਕੌਮ ਦੇ ਅੱਗੇ ਦੇ ਇਤਹਾਸ ਤੋਂ ਸਪੱਸ਼ਟ ਹੈ। ਇਸਰਾਏਲ ਨੇ ਅਕਸਰ, ਬਿਵਸਥਾ ਦੀ ਸਿੱਖਿਆ ਅਤੇ ਨਬੀਆਂ ਦੁਆਰਾ ਦਿੱਤੀਆਂ ਗਈਆਂ ਚਿਤਾਵਨੀਆਂ ਦੇ ਬਾਵਜੂਦ, ਦੂਜੇ ਲੋਕਾਂ ਨਾਲ ਸੰਬੰਧ ਬਣਾਏ ਸਨ ਜੋ ਉਨ੍ਹਾਂ ਨੂੰ ਵਿਨਾਸ਼ਕਾਰੀ ਨਤੀਜਿਆਂ ਦੀ ਵੱਲ ਲੈ ਗਏ। ਪਰਮੇਸ਼ੁਰ ਜਿਸ ਚੀਜ਼ ਦੇ ਵਿਰੁੱਧ ਚਿਤਾਵਨੀ ਦੇ ਰਿਹਾ ਸੀ ਉਸ ਦਾ ਇਕ ਉਦਾਹਰਣ ਗਿਣਤੀ 25:1-3 ਵਿਚ ਮਿਲਦਾ ਹੈ। ਬਾਅਦ ਵਿਚ, ਲਿਖਤ ਦੱਸਦੀ ਹੈ ਕਿ ਜ਼ਨਾਹਕਾਰੀ ਉਸ ਮੌਕੇ ਤੇ ਇਸਰਾਏਲ ਦੇ ਪਾਪ ਵਿਚ ਸ਼ਾਮਲ ਸੀ (ਗਿਣਤੀ 25:6-8)।

**ਆਇਤ 17.** ਇਹ ਪੈਰ੍ਹਾ ਇਸ ਹੁਕਮ ਨਾਲ ਖਤਮ ਹੁੰਦਾ ਹੈ: **"ਤੂੰ ਆਪਣੇ ਲਈ ਢਾਲੇ ਹੋਏ ਦੇਵਤੇ ਨਾ ਬਣਾਈਂ।"** 14 ਤੋਂ 17 ਆਇਤਾਂ ਦੁਹਰਾਏ ਗਏ ਕ੍ਰਮ (ABBA) ਨੂਮਨੇ ਦਾ ਸਬੂਤ ਹੈ:

A1: "ਤੂੰ ਕਿਸੇ ਹੋਰ ਦੇਵਤੇ ਅੱਗੇ ਮੱਥਾ ਨਾ ਟੇਕੀਂ" (34:14)।

B1: "ਮਤੇ ਤੂੰ ਉਸ ਦੇਸ ਦੇ ਵਸਨੀਕਾਂ ਨਾਲ ਨੇਮ ਬੰਨ੍ਹੇਂ ਅਤੇ ਜਦ ਓਹ ਆਪਣੇ ਦੇਵਤਿਆਂ ਦੇ ਪਿੱਛੇ ਜ਼ਨਾਕਾਰੀ ਕਰਨ ਅਤੇ ਆਪਣੇ ਦੇਵਤਿਆਂ ਨੂੰ ਬਲੀਆਂ ਚੜ੍ਹਾਉਣ ਤਾਂ ਕੋਈ ਤੈਨੂੰ ਸੱਦੇ ਅਰ ਤੂੰ ਉਸ ਦੀ ਬਲੀ ਤੋਂ ਖਾਵੇਂ" (34:15)।

B2: "ਅਤੇ ਤੂੰ ਉਨ੍ਹਾਂ ਦੀਆਂ ਧੀਆਂ ਆਪਣੇ ਪੁੱਤ੍ਰਾਂ ਲਈ ਲਵੇਂ ਅਰ ਉਨ੍ਹਾਂ ਦੀਆਂ ਧੀਆਂ ਆਪਣੇ ਦੇਵਤਿਆਂ ਦੇ ਪਿੱਛੇ ਜ਼ਨਾਕਾਰੀ ਕਰਨ ਅਤੇ ਤੇਰੇ ਪੁੱਤ੍ਰਾਂ ਤੋਂ ਵੀ ਆਪਣੇ ਦੇਵਤਿਆਂ ਦੇ ਮੱਗਰ ਜ਼ਨਾਕਾਰੀ ਕਰਾਉਣ" (34:16)।

A2: "ਤੂੰ ਆਪਣੇ ਲਈ ਢਾਲੇ ਹੋਏ ਦੇਵਤੇ ਨਾ ਬਣਾਈਂ" (34:17)।

ਆਇਤ 17 ਆਇਤ 14 ਦੇ ਸਮਾਨਾਂਤਰ ਹੈ; ਦੋਹਾਂ ਨੂੰ ਇਕੱਠਿਆਂ ਲਿਆ ਜਾਵੇ ਤਾਂ ਇਹ ਆਇਤਾਂ ਮੂਰਤੀਆਂ ਬਨਾਉਣ ਅਤੇ ਪੂਜਾ ਤੋਂ ਮਨ੍ਹਾ ਕਰਦੀਆਂ ਹਨ। ਆਇਤ 17 ਦੂਜੇ ਹੁਕਮ ਨਾਲੋਂ ਥੋੜ੍ਹੀ ਜਿਹੀ ਵੱਖਰੇ ਢੰਗ ਨਾਲ ਲਿਖੀ ਗਈ ਹੈ (20:4)। ਇਹ "ਉੱਕਰੀ ਹੋਈ ਮੂਰਤ" ਦੀ ਬਜਾਇ "ਢਾਲੇ ਹੋਏ ਦੇਵਤਿਆਂ" ਦੀ ਮਨਾਹੀ ਕਰਦੀ ਸੀ। ਇਸ ਤਰੀਕੇ ਨਾਲ, ਇਹ ਹੁਕਮ ਵਿਸ਼ੇਸ਼ ਤੌਰ ਤੇ ਪਾਪ - ਅਰਥਾਤ, "ਢਾਲੇ ਹੋਏ ਬੱਛੇ" ਦੀ ਪੂਜਾ - ਦੇ ਵਿਰੁੱਧ ਗੱਲ ਕਰਦਾ ਹੈ ਜਿਸ ਨੇ ਨੇਮ ਨੂੰ ਨਵੇਂ ਸਿਰੇ ਤੋਂ ਨਵਾਂ ਬਣਾਉਣਾ ਜ਼ਰੂਰੀ ਬਣਾ ਦਿੱਤਾ (32:4; ਵੇਖੋ 20:23)।

### ਉਪਾਸਨਾ ਵਿਚ ਇਸਰਾਏਲ ਦੀਆਂ ਜ਼ਿੰਮੇਵਾਰੀਆਂ 'ਤੇ ਪਰਮੇਸ਼ੁਰਦਾ ਜ਼ੋਰ (34:18-26)

**[18]ਪਤੀਰੀ ਰੋਟੀ ਦਾ ਪਰਬ ਤੂੰ ਮਨਾਈਂ। ਤੂੰ ਸੱਤ ਦਿਨ ਪਤੀਰੀ ਰੋਟੀ ਖਾਵੀਂ ਜਿਵੇਂ ਮੈਂ ਤੈਨੂੰ**
**ਹੁਕਮ ਦਿੱਤਾ ਹੈ ਅਬੀਬ ਦੇ ਮਹੀਨੇ ਦੇ ਠਹਿਰਾਏ ਹੋਏ ਸਮੇਂ ਉੱਤੇ ਕਿਉਂ ਜੋ ਤੂੰ ਅਬੀਬ ਦੇ ਮਹੀਨੇ**
**ਮਿਸਰ ਤੋਂ ਬਾਹਰ ਆਇਆ। [19]ਹਰ ਇੱਕ ਕੁੱਖ ਦਾ ਖੋਲ੍ਹਣ ਵਾਲਾ ਅਤੇ ਤੇਰੇ ਸਾਰੇ ਪਸ਼ੂਆਂ ਵਿੱਚੋਂ**
**ਗਾਈਆਂ ਅਤੇ ਭੇਡਾਂ ਦੇ ਪਲੋਠੇ ਨਰ ਮੇਰੇ ਹਨ। [20]ਪਰ ਖੋਤੀ ਦੇ ਪਲੋਠੇ ਤੂੰ ਇੱਕ ਲੇਲੇ ਦੇ ਵੱਟੇ ਛੁਡਾ**
**ਲਵੀਂ ਅਤੇ ਜੇ ਤੂੰ ਉਸ ਨੂੰ ਨਾ ਛੁਡਾਵੇਂ ਤਾਂ ਤੂੰ ਉਸ ਦੀ ਧੌਣ ਭੰਨ ਸੱਟੀਂ। ਆਪਣੇ ਪੁੱਤ੍ਰਾਂ ਵਿੱਚੋਂ ਹਰ ਇੱਕ**
**ਪਲੋਠੇ ਨੂੰ ਤੂੰ ਛੁਡਾਵੀਂ ਅਤੇ ਓਹ ਮੇਰੇ ਸਨਮੁਖ ਸੱਖਣੇ ਹੱਥ ਨਾ ਦਿੱਸਣ। [21]"ਛੇ ਦਿਨ ਤੂੰ ਕੰਮ ਕਰੀਂ**
**ਪਰ ਸੱਤਵੇਂ ਦਿਨ ਤੂੰ ਵਿਸਰਾਮ ਕਰੀਂ। ਵਾਹੁਣ ਦੇ ਵੇਲੇ ਅਤੇ ਵੱਢਣ ਦੇ ਵੇਲੇ ਤੂੰ ਵਿਸਰਾਮ ਕਰੀਂ।**
**[22]ਅਤੇ ਤੂੰ ਅਠਵਾਰੇ ਦਾ ਪਰਬ ਅਤੇ ਕਣਕ ਦੀ ਫ਼ਸਲ ਦੇ ਪਹਿਲੇ ਫਲ ਅਤੇ ਸਾਲ ਦੇ ਅੰਤ ਵਿੱਚ**
**ਫ਼ਸਲ ਦੇ ਸਾਂਭਣ ਦਾ ਪਰਬ ਮਨਾਈਂ। [23]ਵਰਹੇ ਵਿੱਚ ਤਿੰਨ ਵਾਰੀ ਤੇਰੇ ਸਾਰੇ ਨਰ ਪ੍ਰਭੂ ਯਹੋਵਾਹ**
**ਇਸਰਾਏਲ ਦੇ ਪਰਮੇਸ਼ੁਰ ਦੇ ਸਾਹਮਣੇ ਵਿਖਲਾਈ ਦੇਣ। [24]ਕਿਉਂ ਜੋ ਮੈਂ ਤੇਰੇ ਅੱਗੋਂ ਕੌਮਾਂ ਨੂੰ ਕੱਢਾਂਗਾ**
**ਅਤੇ ਤੇਰੀਆਂ ਹੱਦਾਂ ਨੂੰ ਵਧਾਵਾਂਗਾ ਅਤੇ ਕੋਈ ਮਨੁੱਖ ਤੇਰੀ ਧਰਤੀ ਦਾ ਲੋਭ ਨਾ ਕਰੇਗਾ ਜਦ ਤੂੰ**
**ਸਾਲ ਵਿੱਚ ਤਿੰਨ ਵਾਰੀ ਆਪਣੇ ਯਹੋਵਾਹ ਪਰਮੇਸ਼ੁਰ ਦੇ ਸਨਮੁਖ ਵਿਖਲਾਈ ਦੇਵੇਂ। [25]"ਤੂੰ ਮੇਰੀ**
**ਬਲੀ ਦਾ ਲਹੂ ਖ਼ਮੀਰੀ ਰੋਟੀ ਨਾਲ ਨਾ ਚੜ੍ਹਾਵੀਂ ਅਤੇ ਨਾ ਪਸਾਹ ਦੇ ਪਰਬ ਦੀ ਬਲੀ ਤੋਂ ਸਵੇਰ ਤੀਕ**
**ਰੱਖ ਛੱਡੀਂ। [26]"ਤੂੰ ਆਪਣੀ ਜ਼ਮੀਨ ਦੇ ਪਹਿਲੇ ਫਲਾਂ ਵਿੱਚੋਂ ਪਹਿਲਾ ਫਲ ਯਹੋਵਾਹ ਆਪਣੇ ਪਰਮੇਸ਼ੁਰ**
**ਦੇ ਘਰ ਵਿੱਚ ਲਿਆਵੀਂ। "ਤੂੰ ਪਠੋਰੇ ਨੂੰ ਉਸ ਦੀ ਮਾਂ ਦੇ ਦੁੱਧ ਵਿੱਚ ਨਾ ਉਬਾਲੀਂ।"**

ਲਿਖਤ ਲੋਕਾਂ ਅਤੇ ਕਨਾਨ ਦੇ ਦੇਵਤਿਆਂ ਸੰਬੰਧੀ ਇਸਰਾਏਲੀ ਦੀ ਜ਼ਿੰਮੇਵਾਰੀ (34:11-17) ਤੋਂ ਯਹੋਵਾਹ ਦੀ ਬੰਦਗੀ ਨਾਲ ਸੰਬੰਧਤ ਆਮ ਵਿਧੀਆਂ (34:18-26) ਦੀ ਵੱਲ ਲੈ ਕੇ ਜਾਂਦੀ ਹੈ। ਇਹ ਭਾਗ ਉਨ੍ਹਾਂ ਵਿਧੀਆਂ ਨੂੰ ਦੁਹਰਾਉਂਦਾ ਹੈ ਜੋ ਦਿੱਤੀਆਂ ਗਈਆਂ ਸਨ (1) ਪਰਮੇਸ਼ੁਰ ਵੱਲੋਂ ਦਿੱਤੀਆਂ ਵਿਧੀਆਂ ਦੀ ਸੂਚੀ ਬਣਾਉਣ ਵਿਚ (23:12-19) ਅਤੇ (2) ਕੂਚ ਦੇ ਸਮੇਂ ਵਿਚ ਪਲੋਠੇ ਸੰਬੰਧੀ ਵਰਣਨ ਵਿਚ (13:12, 13)। ਇਨ੍ਹਾਂ ਵਿਧੀਆਂ ਵਿਚ ਜ਼ੋਰ ਉਨ੍ਹਾਂ ਪਰਬਾਂ ਅਤੇ ਖਾਸ ਦਿਨਾਂ ਤੇ ਹੈ ਜਿਨ੍ਹਾਂ ਨੂੰ ਮਨਾਉਣ ਦਾ ਇਸਰਾਏਲੀਆਂ ਨੂੰ ਹੁਕਮ ਦਿੱਤਾ ਗਿਆ ਸੀ ਅਤੇ ਉਸ ਤੇ ਜੋ ਇਸਰਾਏਲੀਆਂ ਕੋਲੋਂ ਯਹੋਵਾਹ ਨੂੰ ਦੇਣ ਦੀ ਮੰਗ ਕੀਤੀ ਗਈ ਸੀ।

ਇਨ੍ਹਾਂ ਵਿਧੀਆਂ ਨੂੰ ਇੱਥੇ ਕਿਉਂ ਸ਼ਾਮਲ ਕੀਤਾ ਗਿਆ ਹੈ? ਸੰਭਵ ਤੌਰ ਤੇ ਇਸ ਸਵਾਲ ਦਾ

ਜਵਾਬ ਇਹ ਹੈ ਕਿ ਬੰਦਗੀ ਅਤੇ ਬਲੀਦਾਨ ਸੰਬੰਧੀ ਵਿਧੀਆਂ ਖਾਸ ਕਰਕੇ ਸੋਨੇ ਦੇ ਬੱਛੇ ਦੇ ਹੱਕ ਵਿਚ ਇਸਰਾਏਲ ਦੇ ਪਰਮੇਸ਼ੁਰ ਨੂੰ ਠੁਕਰਾਉਣ ਤੋਂ ਬਾਅਦ ਉਚਿਤ ਸਨ। ਇਸਰਾਏਲ ਦੀ ਸਮੱਸਿਆ ਭਰਿਸ਼ਟ ਬੰਦਗੀ ਸੀ। ਇਹ ਵਿਧੀਆਂ ਸੱਚੀ ਬੰਦਗੀ ਦੀ ਇਕ ਤਸਵੀਰ ਪੇਸ਼ ਕਰਦੀਆਂ ਸਨ ਜਿਵੇਂ ਕਿ ਪਰਮੇਸ਼ੁਰ ਚਾਹੁੰਦਾ ਸੀ ਕਿ ਉਸ ਦੀ ਬੰਦਗੀ ਕੀਤੀ ਜਾਵੇ। ਇੱਥੇ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਇਸਰਾਏਲ ਨੂੰ ਉਹ ਗਲਤੀ ਕਰਨ ਤੋਂ ਰੋਕੇਗਾ ਜੋ ਉਨ੍ਹਾਂ ਨੇ ਉਸ ਸਮੇਂ ਕੀਤੀ ਸੀ ਜਦੋਂ ਉਨ੍ਹਾਂ ਨੇ "ਢਾਲੇ ਹੋਏ ਬੱਛੇ" ਨੂੰ ਮੱਥਾ ਟੇਕਿਆ ਸੀ।

**ਆਇਤ 18.** ਪਹਿਲੀ ਬਿਧੀ ਇਹ ਮੰਗ ਕਰਦੀ ਸੀ ਕਿ ਇਸਰਾਏਲ **ਪਤੀਰੀ ਰੋਟੀ ਦਾ ਪਰਬ ਮਨਾਵੇ**, ਉਹ ਪਰਬ ਜਿਹੜਾ ਪਸਾਹ ਦੇ ਸੰਬੰਧ ਵਿਚ ਮਨਾਇਆ ਜਾਂਦਾ ਸੀ (ਵੇਖੋ 13:3-10; 23:15)। ਇਸ ਪਰਬ ਵਿਚ ਹਿੱਸਾ ਲੈਣ ਵਾਲਿਆਂ ਨੇ ਇਸਰਾਏਲ ਦੇ ਮਿਸਰ ਵਿੱਚੋਂ ਤੇਜੀ ਨਾਲ ਕੂਚ ਕਰਨ ਦਾ ਜਸ਼ਨ ਮਨਾਉਣ ਦੇ ਲਈ ਪਤੀਰੀ ਰੋਟੀ ਖਾਧੀ ਸੀ, ਜਦੋਂ ਗੁੰਨ੍ਹਿਆ ਹੋਇਆ ਆਟਾ ਖਮੀਰ ਤੋਂ ਬਿਨ੍ਹਾਂ ਸੀ ਕਿਉਂਕਿ "ਨਾ ਉਹ ਆਪਣੇ ਲਈ ਰੋਟੀ ਬਣਾ ਸੱਕੇ" (12:39; NIV)। ਇਹ ਪਰਬ ਦਾ ਸਮਾਂ ਇਸਰਾਏਲ ਦੀ ਮਿਸਰ ਦੀ ਗੁਲਾਮੀ ਵਿੱਚੋਂ ਛੁਟਕਾਰੇ ਦੀ ਪਹਿਲੀ ਵਰ੍ਹੇਗੰਢ ਨਾਲ ਸਹਿ ਸੰਬੰਧ ਬਣਾਉਣ ਦੇ ਲਈ ਨਿਸ਼ਚਤ ਕੀਤਾ ਗਿਆ ਸੀ।

**ਆਇਤਾਂ 19, 20.** ਪਤੀਰੀ ਰੋਟੀ ਦੇ ਪਰਬ ਦੇ ਸੰਬੰਧ ਵਿਚ, ਲੋਕਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੇ ਅਤੇ ਉਨ੍ਹਾਂ ਦੇ ਡੰਗਰਾਂ ਦੇ **ਪਲੋਠੇ** ਨੂੰ ਯਹੋਵਾਹ ਨੂੰ ਦੇਣ ਦਾ ਹੁਕਮ ਦਿੱਤਾ ਗਿਆ ਸੀ (ਵੇਖੋ 13:1, 2, 11-15)। ਕਿਉਂਕਿ **ਖੋਤੀ** ਅਸ਼ੁੱਧ ਸੀ ਅਤੇ ਉਸ ਨੂੰ ਬਲੀਦਾਨ ਦੇ ਰੂਪ ਵਿਚ ਨਹੀਂ ਸੀ ਚੜ੍ਹਾਇਆ ਜਾ ਸਕਦਾ, ਇਸ ਨੂੰ **ਲੇਲੇ ਦੇ ਵੱਟੇ ਛੁਡਾਇਆ** ਜਾ ਸਕਦਾ ਸੀ, ਜਾਂ ਇਸ ਨੂੰ ਮਾਰਿਆ ਜਾਣਾ ਸੀ (ਵੇਖੋ 13:13)। ਖੋਤੀ ਦੇ ਮਾਲਕ ਨੂੰ ਯਹੋਵਾਹ ਦੇ ਖਰਚ ਤੇ ਪਾਲਤੂ ਪਸੂਆਂ ਦੇ ਪਲੋਠੇ ਤੋਂ ਫਾਇਦਾ ਚੁੱਕਣ ਦੀ ਇਜਾਜ਼ਤ ਨਹੀਂ ਸੀ। ਪਲੋਠੇ **ਪੁੱਤ੍ਰਾਂ** ਨੂੰ ਵੀ **ਛੁਡਾਇਆ** ਜਾਣਾ ਸੀ; ਪੈਸਾ ਪਰਮੇਸ਼ੁਰ ਦੇ ਅੱਗੇ ਪੋਲੋਠੇ ਪੁੱਤ੍ਰਾਂ ਦੇ ਬਲੀਦਾਨ ਦੇ ਲਈ ਵੱਟੇ ਦੇ ਰੂਪ ਵਿਚ ਯਹੋਵਾਹ ਨੂੰ ਦਿੱਤਾ ਜਾਣਾ ਸੀ। ਪਹਿਲੀ ਨਜ਼ਰ ਵਿਚ, ਇਹ ਹੁਕਮ ਕਿ **"ਓਹ ਮੇਰੇ ਸਨਮੁਖ ਸੱਖਣੇ ਹੱਥ ਨਾ ਦਿੱਸਣ"** ਇਹ ਦੱਸਦਾ ਪ੍ਰਤੀਤ ਹੁੰਦਾ ਹੈ ਕਿ ਪਤੀਰੀ ਰੋਟੀ ਦਾ ਪਰਬ ਸਾਲ ਦਾ ਉਹ ਸਮਾਂ ਸੀ ਜਦੋਂ ਪਲੋਠੇ ਨੂੰ ਪਰਮੇਸ਼ੁਰ ਦੇ ਅੱਗੇ ਪੇਸ਼ ਕੀਤਾ ਗਿਆ ਸੀ। ਇਕ ਹੋਰ ਸੰਭਵ ਵਿਆਖਿਆ ਇਹ ਹੈ ਕਿ ਇਹ ਸ਼ਬਦਾਵਲੀ ਇਸਰਾਏਲ ਦੀ ਜੌਂ ਦੀ ਫਸਲ ਦੇ ਪਹਿਲੇ ਫਲਾਂ ਦੀ ਭੇਟ ਦਾ ਹਵਾਲਾ ਦਿੰਦੀ ਹੈ (23:15 ਤੇ ਟਿੱਪਣੀਆਂ ਵੇਖੋ; ਵੇਖੋ ਬਿਵਸਥਾ ਸਾਰ 16:16, 17)।

**ਆਇਤ 21.** ਅਗਲੀ ਗੱਲ, ਯਹੋਵਾਹ ਨੇ ਸਬਤ ਦੇ ਹੁਕਮ ਨੂੰ ਦੁਹਰਾਇਆ, ਇਹ ਜ਼ੋਰ ਦਿੰਦੇ ਹੋਏ ਕਿ ਇਸਰਾਏਲੀਆਂ ਨੇ **ਸੱਤਵੇਂ ਦਿਨ ਨੂੰ ਵਿਸਰਾਮ ਕਰਨਾ** ਸੀ (ਵੇਖੋ 23:12)। ਇਕ ਕਿਸਾਨ ਦੇ ਲਈ ਉਸ ਦੇ ਕੰਮ ਨੂੰ ਅੱਗੇ ਦੇ ਲਈ ਟਾਲ ਦੇਣਾ ਜਦੋਂ ਉਸ ਦੀ **ਫਸਲ** ਪੱਕੀ ਹੋਵੇ ਉਸ ਦੇ ਲਈ ਵੱਡੀ ਨਿਹਚਾ ਦੀ ਲੋੜ ਹੁੰਦੀ ਹੈ। ਕੋਲ ਨੇ ਟਿੱਪਣੀ ਕੀਤੀ ਸੀ ਕਿ "ਸਬਤ ਨੂੰ ਮੰਨਣਾ ਪਰਮੇਸ਼ੁਰ ਦੇ ਪ੍ਰਬੰਧ ਵਿਚ ਨਿਹਚਾ ਦੀ ਇਕ ਪਰਖ ਸੀ (ਕੂਚ 16:29)।"[5]

**ਆਇਤ 22.** ਫਿਰ ਯਹੋਵਾਹ ਨੇ ਇਸਰਾਏਲ ਦੇ ਧਾਰਮਿਕ ਕਲੰਡਰ ਦੇ ਹੋਰ ਦੋ ਪ੍ਰਮੁੱਖ ਪਰਬ - **ਅਠਵਾਰੇ ਦਾ ਪਰਬ** ਜਾਂ "ਪੈਂਟੀਕਾਸਟ" ਅਤੇ **ਫਸਲ ਦੇ ਸਾਂਭਣ** ਜਾਂ "ਡੇਰਿਆਂ" **ਦਾ ਪਰਬ** - ਮਨਾਉਣ ਦੇ ਹੁਕਮ ਨੂੰ ਦੁਹਰਾਇਆ ਸੀ (ਵੇਖੋ 23:16)। ਹਰੇਕ ਪਰਬ ਨੂੰ ਮਨਾਉਣ ਦਾ ਸਮਾਂ ਦਿੱਤਾ ਗਿਆ ਹੈ। ਪਤੀਰੀ ਰੋਟੀ ਦਾ ਪਰਬ "ਅਬੀਬ ਦੇ ਮਹੀਨੇ ਵਿਚ" ਸੀ ਜਦੋਂ ਇਸਰਾਏਲ ਨੂੰ ਮਿਸਰ ਵਿੱਚੋਂ ਛੁਡਾਇਆ ਗਿਆ ਸੀ (34:18)। ਅਠਵਾਰੇ ਦਾ ਪਰਬ **ਕਣਕ ਦੀ ਫਸਲ** ਦੇ ਸਮੇਂ ਵਿਚ ਆਉਂਦਾ ਸੀ। "ਅਠਵਾਰੇ ਦਾ ਪਰਬ" ਨਾਮ ਇਹ ਸੁਝਾਅ ਦਿੰਦਾ ਹੈ ਇਹ ਪਤੀਰੀ ਰੋਟੀ ਦੇ ਪਰਬ ਤੋਂ ਬਾਅਦ ਉਨਿੰਜਾ ਦਿਨ (ਹਫ਼ਤਿਆਂ ਦਾ ਇਕ ਹਫ਼ਤਾ 7 x 7) ਹੁੰਦਾ ਸੀ। ਇਹ ਫਸਲ ਦੇ

ਸਮੇਂ ਦੀ ਔਸਤ ਮਿਆਦ ਹੈ। ਫਸਲ ਦੇ ਸਾਂਭਣ ਦਾ ਪਰਬ **ਸਾਲ ਦੇ ਅੰਤ ਵਿੱਚ** ਮਨਾਇਆ ਜਾਂਦਾ ਸੀ, ਮਤਲਬ ਇਹ ਖੇਤੀਬਾੜੀ ਕਲੰਡਰ ਦੇ ਅੰਤ ਵਿਚ ਮਨਾਇਆ ਜਾਂਦਾ ਸੀ। ਜੇਕਰ ਇਸਰਾਏਲ ਕੋਲ ਕੋਈ ਹੋਰ ਕਲੰਡਰ ਨਹੀਂ ਸੀ, ਇਹ ਕੁਝ ਸ਼ਬਦ ਉਨ੍ਹਾਂ ਦੇ ਲਈ ਸਹੀ ਸਮੇਂ ਤੇ ਪਰਬਾਂ ਨੂੰ ਮਨਾਉਣ ਦੇ ਲਈ ਕਾਫ਼ੀ ਹੋਣਗੇ।

**ਆਇਤਾਂ 23, 24.** ਇਸਰਾਏਲ ਦੇ **ਨਰਾਂ** ਨੂੰ ਫੇਰ **ਤਿੰਨਾਂ** ਪਰਬਾਂ ਤੇ **ਪ੍ਰਭੂ ਯਹੋਵਾਹ ਦੇ ਸਾਹਮਣੇ ਵਿਖਲਾਈ ਦੇ**ਣ ਦਾ ਹੁਕਮ ਦਿੱਤਾ ਗਿਆ ਸੀ (ਵੇਖੋ 23:17)। ਉਹ ਥਾਂ ਜਿੱਥੇ ਲੋਕਾਂ ਨੇ ਇਨ੍ਹਾਂ ਮੌਕਿਆਂ ਤੇ ਯਹੋਵਾਹ ਦੇ ਸਨਮੁਖ ਆਉਣਾ ਸੀ ਇੱਥੇ ਨਹੀਂ ਦੱਸਿਆ ਗਿਆ ਹੈ। ਬਾਅਦ ਵਿਚ, ਪਰਮੇਸ਼ੁਰ ਨੇ ਆਖਿਆ ਕਿ ਉਹ ਭੇਟਾਂ ਚੜ੍ਹਾਉਣ ਦੇ ਲਈ ਇਕ ਥਾਂ ਚੁਣੇਗਾ (ਬਿਵਸਥਾ ਸਾਰ 12:5-14)। ਰਾਜਤੰਤਰ ਤੋਂ ਪਹਿਲਾਂ, ਬਲੀਦਾਨ ਉੱਥੇ ਚੜ੍ਹਾਏ ਜਾਂਦੇ ਸਨ ਜਿਥੇ ਕਿਤੇ ਡੇਹਰਾ ਅਤੇ ਨੇਮ ਦਾ ਸੰਦੂਕ ਹੁੰਦਾ ਸੀ। ਆਖ਼ਰਕਾਰ, ਉਹ ਥਾਂ ਜੋ ਪਰਮੇਸ਼ੁਰ ਨੇ ਚੁਣੀ ਸੀ ਉਹ ਯਰੂਸ਼ਲਮ ਸੀ ਜਿੱਥੇ ਸੁਲੇਮਾਨ ਨੇ ਪਰਮੇਸ਼ੁਰ ਦੇ ਨਿਵਾਸ ਸਥਾਨ ਦੇ ਰੂਪ ਵਿਚ ਇਕ ਸਥਾਈ ਮੰਦਿਰ ਬਣਾਇਆ ਸੀ।

ਜਦੋਂ ਇਸਰਾਏਲੀ ਪਰਬ ਦੇ ਸਮੇਂ ਇਕੱਠੇ ਮਿਲ ਕੇ ਪਰਮੇਸ਼ੁਰ ਦੀ ਬੰਦਗੀ ਕਰਨ ਦੇ ਲਈ ਗਏ, ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਸੀ ਕਿ ਇਹ ਧਰਤੀ ਇਸ ਦੇ ਪਿਛਲੇ ਵਸਨੀਕਾਂ ਦੁਆਰਾ ਲੈ ਲਈ ਜਾਵੇਗੀ, ਕਿਉਂਕਿ ਪਰਮੇਸ਼ੁਰ ਕੌਮਾਂ ਨੂੰ **ਬਾਹਰ ਕੱਢੇਗਾ ਅਤੇ** [ਇਸਰਾਏਲ ਦੀਆਂ] **ਹੱਦਾਂ ਨੂੰ ਵਧਾਵੇਗਾ**। ਉਸ ਨੇ ਆਖਿਆ ਕਿ **ਕੋਈ ਮਨੁੱਖ** [ਉਨ੍ਹਾਂ ਦੀ ਧਰਤੀ ਦਾ] **ਲੋਭ ਨਾ ਕਰੇਗਾ** ਜਦੋਂ ਉਹ **ਯਹੋਵਾਹ ਦੇ ਸਨਮੁਖ ਵਿਖਲਾਈ ਦੇਣ** ਲਈ ਗਏ। ਪਿਛਲੇ ਵਸਨੀਕਾਂ ਦੀ ਬਜਾਇ, ਘੱਟ ਸੰਭਾਵਨਾ ਵਾਲਾ ਸੁਝਾਅ ਇਹ ਹੈ ਕਿ "ਕੋਈ ਮਨੁੱਖ" ਇਸਰਾਏਲ ਦੇ ਗੁਆਂਢੀਆਂ ਦਾ ਹਵਾਲਾ ਦਿੰਦਾ ਹੈ ਜਿਹੜੇ ਘੱਟ ਆਤਮਿਕ ਸਨ ਅਤੇ ਜਿਹੜੇ ਪਰਬ ਵਿਚ ਸ਼ਾਮਲ ਨਹੀਂ ਸੀ ਹੋਏ। ਇਹ ਜ਼ਿਆਦਾ ਆਤਮਿਕ ਗੁਆਂਢੀ ਦੀਆਂ ਹੱਦਾਂ ਨੂੰ ਸਰਕਾਉਣ ਦੇ ਲਈ ਪਰਤਾਏ ਜਾ ਸਕਦੇ ਹਨ (ਬਿਵਸਥਾ ਸਾਰ 19:14) ਜਿਹੜੇ ਪਰਮੇਸ਼ੁਰ ਦੀ ਬੰਦਗੀ ਕਰਨ ਦੇ ਲਈ ਗਏ ਸਨ।[6]

**ਆਇਤ 25.** ਦੂਜੀਆਂ ਵਿਅਕਤੀਗਤ ਵਿਧੀਆਂ ਬਲੀਆਂ ਅਤੇ ਭੇਟਾਂ ਦੇ ਸੰਬੰਧ ਵਿਚ ਦਿੱਤੀਆਂ ਗਈਆਂ ਸਨ। (1) **ਖ਼ਮੀਰੀ ਰੋਟੀ** ਪਸ਼ੂ ਦੀ **ਬਲੀ** ਦੇ ਨਾਲ **ਨਹੀਂ** ਸੀ **ਚੜ੍ਹਾਉਣੀ**। (2) **ਪਸਾਹ** ਦੀ ਰਾਤ ਨੂੰ ਘਾਤ ਕੀਤਾ ਗਿਆ ਲੇਲਾ ਪਰਬ ਤੇ ਪੂਰੇ ਦਾ ਪੂਰਾ ਖਾਧਾ ਜਾਣਾ ਸੀ। ਕੋਈ ਵੀ ਹਿੱਸਾ ਜੋ ਖਾਧਾ ਨਹੀਂ ਸੀ ਗਿਆ ਸਾੜਿਆ ਜਾਣਾ ਸੀ; ਪਰਬ ਦੀ ਬਲੀ ਵਿੱਚੋਂ ਕੁਝ ਵੀ **ਸਵੇਰ ਤੀਕ ਨਹੀਂ ਸੀ ਰੱਖ ਛੱਡਣਾ** (23:18 ਤੇ ਟਿੱਪਣੀਆਂ ਵੇਖੋ)।

**ਆਇਤ 26. ਪਹਿਲੇ ਫਲਾਂ** - ਨਾ ਸਿਰਫ ਪਸ਼ੂਆਂ ਅਤੇ ਲੋਕਾਂ ਦੇ, ਪਰ ਫਸਲਾਂ ਦੇ ਵੀ - ਨੂੰ ਪਰਮੇਸ਼ੁਰ ਦੇ ਅੱਗੇ ਚੜ੍ਹਾਇਆ ਜਾਣਾ ਸੀ; ਉਨ੍ਹਾਂ ਨੂੰ **ਯਹੋਵਾਹ ਦੇ ਘਰ ਵਿੱਚ** ਲਿਆਂਦਾ ਜਾਣਾ ਸੀ। ਇਹ ਬਿਧੀ ਡੇਹਰੇ ਅਤੇ ਬਾਅਦ ਵਿਚ ਮੰਦਿਰ ਦੇ ਸੰਪੂਰਣ ਹੋਣ ਦੀ ਉਮੀਦ ਕਰਦੀ ਸੀ (ਵੇਖੋ 23:19)।

ਸੂਚੀ ਵਿਚ ਆਖ਼ਰੀ ਸ਼ਰਤ, **"ਤੂੰ ਪਠੋਰੇ ਨੂੰ ਉਸ ਦੀ ਮਾਂ ਦੇ ਸੁੱਧ ਵਿੱਚ ਨਾ ਉਬਾਲੀਂ**" ਕਿਸੇ ਨਾ ਕਿਸੇ ਤਰੀਕੇ ਬੰਦਗੀ ਜਾਂ ਬਲੀ ਨਾਲ ਸੰਬੰਧ ਰੱਖਦੀ ਹੋਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਦਾ ਉਦੇਸ਼ ਇਸਰਾਏਲ ਨੂੰ ਗੈਰ-ਯਹੂਦੀ ਰਸਮ ਵਿਚ ਸ਼ਾਮਲ ਹੋਣ ਤੋਂ ਰੋਕਣਾ ਸੀ (23:19 ਤੇ ਟਿੱਪਣੀਆਂ ਵੇਖੋ)। ਇਹ ਬਿਧੀ ਅਧਿਆਇ 34 ਵਿਚ ਦੁਹਰਾਈ ਗਈ ਬੰਦਗੀ ਤੇ ਵਿਧੀਆਂ ਦੇ ਨਮੂਨੇ ਨਾਲ ਖਤਮ ਹੁੰਦੀ ਹੈ।

34:18-26 ਵਿਚ ਲਿਖੀਆਂ ਗਈਆਂ ਵਿਧੀਆਂ ਸਿਰਫ ਉਨ੍ਹਾਂ ਵਿਧੀਆਂ ਦਾ ਨਮੂਨਾ ਹਨ ਜੋ

ਮੂਸਾ ਨੂੰ ਉਸ ਸਮੇਂ ਦੌਰਾਨ ਦਿੱਤੀਆਂ ਗਈਆਂ ਸਨ ਜਦੋਂ ਉਹ ਦੂਜੀ ਵਾਰ ਪਹਾੜ ਉੱਤੇ ਚਾਲੀ ਦਿਨ ਰਿਹਾ ਸੀ। ਇਹ ਮੂਸਾ ਦੇ ਲਈ ਅਤੇ ਉਨ੍ਹਾਂ ਦੇ ਲਈ ਵਿਸ਼ੇਸ਼ ਮਹੱਤਵ ਰੱਖਦੀਆਂ ਸਨ ਜਿਨ੍ਹਾਂ ਨੇ ਸਭ ਤੋਂ ਪਹਿਲੀ ਵਾਰ ਪੋਥੀ ਨੂੰ ਪੜ੍ਹਿਆ (ਜਾਂ ਪੜ੍ਹਦੇ ਸੁਣਿਆ) ਸੀ ਕਿਉਂਕਿ ਇਹ ਉਸ ਕਿਸਮ ਦੇ ਕੰਮ ਨਾਲ ਸੰਬੰਧਤ ਸਨ ਜਿਸ ਦੇ ਵਿਚ ਇਸਰਾਏਲੀ ਪਾਪ ਕਰਦੇ ਹੋਏ ਲੱਗੇ ਸਨ। ਇਨ੍ਹਾਂ ਵਿਧੀਆਂ ਦੇ ਰਾਹੀਂ, ਯਹੋਵਾਹ ਮੁੜ ਤੋਂ ਜ਼ੋਰ ਦੇ ਰਿਹਾ ਸੀ ਕਿ ਉਸ ਦੀ ਪਰਜਾ ਨੇ ਉਸ ਦੀ ਬੰਦਗੀ ਕਿਵੇਂ ਕਰਨੀ ਸੀ ਜੋ ਉਸ ਨੂੰ ਸਵੀਕਾਰਯੋਗ ਹੋਵੇ।

ਉਦਾਰਵਾਦੀ ਵਿਦਵਾਨ ਇਸ ਅਧਿਆਇ (ਜਾਂ ਤਾਂ 34:10-26; 34:14-26; ਜਾਂ 34:17-26) ਵਿਚ ਪਾਈਆਂ ਜਾਣ ਵਾਲੀਆਂ ਵਿਧੀਆਂ ਨੂੰ ਇਕ "ਰਸਮੀ ਦਸ ਹੁਕਮਾਂ" ਦੇ ਰੂਪ ਵਿਚ ਵੇਖਦੇ ਹਨ ਜੋ 20:1-17 ਵਿਚ ਪਾਏ ਜਾਣ ਵਾਲੇ "ਨੈਤਿਕ ਦਸ ਹੁਕਮਾਂ" ਦੇ ਉਲਟ ਖੜ੍ਹੇ ਹੁੰਦੇ ਹਨ।[7] ਇਹ ਵਿਚਾਰ ਆਮ ਤੌਰ ਤੇ ਇਸ ਵਿਚਾਰ ਦੇ ਨਾਲ-ਨਾਲ ਚੱਲਦਾ ਹੈ ਕਿ ਅਧਿਆਇ 34 ਦਾ ਨੇਮ ਬੰਨ੍ਹਣ ਵਾਲਾ ਵਿਰਤਾਂਤ ਉਸ ਦਾ ਇਕ ਵਿਕਲਪਕ ਵਿਰਤਾਂਤ ਹੈ ਜੋ 20 ਤੋਂ 24 ਅਧਿਆਵਾਂ ਵਿਚ ਮਿਲਦਾ ਹੈ।

ਜਦ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਧਿਆਇ 34 ਵਿਚ ਪਾਈਆਂ ਜਾਣ ਵਾਲੀਆਂ ਵਿਧੀਆਂ ਮੁੱਖ ਤੌਰ ਤੇ ਰਸਮ ਦਾ ਵਰਣਨ ਕਰਦੀਆਂ ਹਨ, ਉਹ ਅਜਿਹੀਆਂ ਵਿਧੀਆਂ ਨਹੀਂ ਜਾਪਦੀਆਂ ਜਿਨ੍ਹਾਂ ਨੂੰ ਦਸ ਹੁਕਮਾਂ ਦੇ ਲਈ ਇਕ ਵਿਕਲਪ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਦਰਅਸਲ, ਇਸ ਬੰਦ ਵਿਚ ਪਾਈਆਂ ਜਾਣ ਵਾਲੀਆਂ "ਰਸਮੀ ਵਿਧੀਆਂ" ਨੂੰ ਸਿਰਫ ਹੇਰਾਫੇਰੀ ਨਾਲ ਜ਼ਬਰਦਸਤੀ ਕਿਸੇ ਅਜਿਹੀ ਚੀਜ਼ ਨਾਲ ਮਿਲਾਇਆ ਜਾ ਸਕਦਾ ਹੈ ਜੋ ਦਸ ਹੁਕਮਾਂ ਨਾਲ ਮਿਲਦੀਆਂ ਜੁਲਦੀਆਂ ਹਨ। ਸਿੱਟੇ ਵਜੋਂ, ਇਸ ਅਧਿਆਇ ਵਿਚ ਜੋ ਵਿਧੀਆਂ ਹਨ ਉਨ੍ਹਾਂ ਦੀ ਵਿਆਖਿਆ ਉਨ੍ਹਾਂ ਵਿਧੀਆਂ ਦੇ ਨੁਮਾਇੰਦੇ ਦੇ ਰੂਪ ਵਿਚ ਕਰਨਾ ਬਿਹਤਰ ਹੈ ਜੋ ਸੀਨਈ ਪਹਾੜ ਉੱਤੇ ਪਰਮੇਸ਼ੁਰ ਦੁਆਰਾ ਦਿੱਤੀਆਂ ਗਈਆਂ ਸਨ। ਇਹ ਵਿਸ਼ੇਸ਼ ਵਿਧੀਆਂ ਇਸਰਾਏਲ ਦੀ ਹਾਲਤ ਦੇ ਲਈ ਉਨ੍ਹਾਂ ਦੀ ਪ੍ਰਸੰਗਿਕਤਾ ਦੇ ਕਾਰਣ ਪੁਸਤਕ ਵਿਚ ਇਸ ਸਮੇਂ ਲਿਖੀਆਂ ਗਈਆਂ ਹਨ।.

## ਦੂਜੀ ਵਾਰ ਦਸ ਹੁਕਮਾਂ ਦਾ ਦਿੱਤਾ ਜਾਣਾ (34:27, 28)

**27ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ, ਤੂੰ ਇਨ੍ਹਾਂ ਗੱਲਾਂ ਨੂੰ ਲਿਖ ਕਿਉਂ ਜੋ ਇਨ੍ਹਾਂ ਗੱਲਾਂ ਦੇ ਅਨੁਸਾਰ ਮੈਂ ਤੇਰੇ ਅਤੇ ਇਸਰਾਏਲ ਦੇ ਨਾਲ ਨੇਮ ਕੀਤਾ ਹੈ। 28ਉਹ ਚਾਲੀ ਦਿਨ ਅਤੇ ਚਾਲੀ ਰਾਤਾਂ ਯਹੋਵਾਹ ਦੇ ਨਾਲ ਉੱਥੇ ਹੀ ਰਿਹਾ। ਨਾ ਉਸ ਰੋਟੀ ਖਾਧੀ ਨਾ ਪਾਣੀ ਪੀਤਾ ਅਤੇ ਉਸ ਨੇ ਉਨ੍ਹਾਂ ਫੱਟੀਆਂ ਉੱਤੇ ਨੇਮ ਦੀਆਂ ਗੱਲਾਂ ਅਰਥਾਤ ਦਸ ਹੁਕਮ ਲਿਖੇ।**

**ਆਇਤ 27.** ਬਿਵਸਥਾ **ਯਹੋਵਾਹ** ਦੁਆਰਾ ਦਿੱਤੀ ਗਈ ਸੀ; ਇਹ ਯਹੋਵਾਹ ਹੀ ਸੀ ਜਿਸ ਨੇ ਮੌਖਿਕ ਤੌਰ ਤੇ ਇਸ ਦਾ ਐਲਾਨ ਕੀਤਾ ਸੀ (34:10)। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਭਵਿੱਖ ਵਿਚ **ਇਸਰਾਏਲ** ਨੂੰ ਸਿੱਖਿਆ ਦੇਣ ਅਤੇ ਮਾਗਰ-ਦਰਸ਼ਨ ਕਰਨ ਦੇ ਲਈ **ਮੂਸਾ ਨੂੰ** [ਇਹ] **ਲਿਖਣ** ਦੀ ਹਦਾਇਤ ਦਿੱਤੀ ਸੀ। **ਇਨ੍ਹਾਂ ਗੱਲਾਂ** ਦੇ ਨਾਲ ਹੀ ਪਰਮੇਸ਼ੁਰ ਨੇ ਆਪਣੀ ਪਰਜਾ ਨਾਲ **ਨੇਮ** ਨੂੰ ਨਵਾਂ ਕੀਤਾ ਸੀ।

**ਆਇਤ 28.** ਪਹਾੜ ਉੱਤੇ ਪਰਮੇਸ਼ੁਰ ਕੋਲੋਂ ਬਿਵਸਥਾ ਨੂੰ ਪ੍ਰਾਪਤ ਕਰਦਿਆਂ ਅਤੇ ਇਸ ਨੂੰ ਲਿਖਦਿਆਂ **ਚਾਲੀ ਦਿਨ ਅਤੇ ਚਾਲੀ ਰਾਤਾਂ** ਬਿਤਾਏ ਸਨ (ਵੇਖੋ ਬਿਵਸਥਾ ਸਾਰ 10:10)। ਉਸ ਸਮੇਂ ਦੌਰਾਨ ਉਸ ਨੇ ਰੋਜ਼ਾ ਰੱਖਿਆ; **ਨਾ ਉਸ ਰੋਟੀ ਖਾਧੀ ਨਾ ਪਾਣੀ ਪੀਤਾ।**[8] ਮੂਸਾ ਪਰਮੇਸ਼ੁਰ ਦੇ ਅੱਗੇ ਇਸਰਾਏਲ ਦੇ ਵਿਚੋਲੇ ਦੇ ਤੌਰ ਤੇ ਇਸਰਾਏਲ ਦੇ ਪਸ਼ਚਾਤਾਪ ਨੂੰ ਦਿਖਾ ਰਿਹਾ ਸੀ। ਬਿਵਸਥਾ

ਸਾਰ 9:18 ਵਿਚ ਲਿਖਿਆ ਹੈ,

> ਤਾਂ ਮੈਂ ਅੱਗੇ ਵਾਂਙੁ ਯਹੋਵਾਹ ਦੇ ਅੱਗੇ [ਬਿਵਸਥਾ ਸਾਰ 9:9] ਚਾਲੀ ਦਿਨ ਅਤੇ ਚਾਲੀ ਰਾਤਾਂ ਪਿਆ ਰਿਹਾ। ਨਾ ਮੈਂ ਰੋਟੀ ਖਾਧੀ ਨਾ ਮੈਂ ਪਾਣੀ ਪੀਤਾ ਤੁਹਾਡੇ ਸਾਰੇ ਪਾਪਾਂ ਦੇ ਕਾਰਨ ਜਿਹੜੇ ਤੁਸਾਂ ਕੀਤੇ ਜਦ ਤੁਸਾਂ ਯਹੋਵਾਹ ਦੀ ਨਿਗਾਹ ਵਿੱਚ ਬੁਰਿਆਈ ਕੀਤੀ ਅਤੇ ਸੋ ਉਸ ਨੂੰ ਗੁੱਸਾ ਚੜ੍ਹਾਇਆ।

ਆਇਤ 28 ਦੇ ਆਖ਼ਰੀ ਹਿਸੇ ਬਾਰੇ ਬਹੁਤ ਬਹਿਸ ਹੁੰਦੀ ਹੈ: **ਅਤੇ ਉਸ ਨੇ ਉਨ੍ਹਾਂ ਫੱਟੀਆਂ ਉੱਤੇ ਨੇਮ ਦੀਆਂ ਗੱਲਾਂ ਅਰਥਾਤ ਦਸ ਹੁਕਮ ਲਿਖੇ।** "ਉਸ" ਦਾ ਕੁਦਰਤੀ ਨਿਸ਼ਚੇਵਾਚਕ ਮੂਸਾ ਹੋਵੇਗਾ, ਜਿਹੜਾ ਪਿਛਲੀਆਂ ਸਤਰਾਂ ਦਾ ਕਰਤਾ ਹੈ। NASB ਬਾਈਬਲ ਪੜਨਾਂਵ ਨੂੰ ਵੱਡੇ ਅੱਖਰਾਂ ਵਿਚ ਨਾ ਲਿਖ ਕੇ ਇਸ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੀ ਹੈ। ਪਰ, ਅਧਿਆਇ ਦੀ ਸ਼ੁਰੂਆਤ ਵਿਚ, ਪਰਮੇਸ਼ੁਰ ਨੇ ਆਖਿਆ ਸੀ ਕਿ ਉਹ "ਪਹਿਲੇ ਵਰਗੀਆਂ ਪੱਥਰਾਂ ਦੀਆਂ ਫੱਟੀਆਂ ਉੱਤੇ ਉਹ ਗੱਲਾਂ ਲਿਖੇਗਾ" (34:1)। ਕੋਲ ਨੇ ਦਲੀਲ ਦਿੱਤੀ ਸੀ ਕਿ ਵਰਣਨ ਕਰਨ ਵਾਲੇ ਦੇ ਲਈ, "ਦੋਵੇਂ ਗੱਲਾਂ ਦਾ ਅਰਥ ਇੱਕੋ ਸੀ; ਉਹ ਘਟਨਾਵਾਂ ਦੇ ਇੱਕੋ ਨਮੂਨੇ ਦਾ ਵਰਣਨ ਕਰਨ ਦੇ ਲਈ ਵਿਕਲਪਕ ਤਰੀਕੇ ਸਨ।"[9] ਪੁਰਾਣੇ ਨੇਮ ਦੇ ਅਧਿਆਤਮਕ ਸ਼ਾਸਤਰ ਦੇ ਅਨੁਸਾਰ, ਜੋ ਕੁਝ ਵੀ ਹੋਇਆ ਸੀ, ਪਰਮੇਸ਼ੁਰ ਉਸ ਦੇ ਲਈ ਜ਼ਿੰਮੇਵਾਰ ਸੀ।

ਇਕ ਹੋਰ ਸੰਭਾਵਨਾ, ਜੋ ਜੌਨ ਆਈ. ਡਰਹਮ ਦੁਆਰਾ ਸੁਝਾਈ ਗਈ ਹੈ ਉਹ ਇਹ ਹੈ ਕਿ ਪੈਰ੍ਹੇ ਦੇ ਆਖ਼ਰੀ ਵਾਕ ਵਿਚ ਇਸ ਦੇ ਕਰਤਾ ਦੇ ਰੂਪ ਵਿਚ ਪਰਮੇਸ਼ੁਰ ਹੈ।[10] ਇਸ ਮਾਮਲੇ ਵਿਚ, ਪਰਮੇਸ਼ੁਰ ਨੇ ਦੋ ਫੱਟੀਆਂ ਤੇ ਦਸ ਹੁਕਮ ਲਿਖੇ (ਜਿਵੇਂ ਕਿ ਉਸ ਨੇ 34:1 ਵਿਚ ਆਖਿਆ ਸੀ) ਅਤੇ ਮੂਸਾ ਨੇ ਹੋਰ ਕਿਸੇ ਚੀਜ਼ ਤੇ ਬਾਕੀ ਦੇ ਨਿਯਮ ਅਤੇ ਵਿਧੀਆਂ ਲਿਖੀਆਂ (ਜਿਵੇਂ ਕਿ ਉਸ ਨੇ 24:4 ਵਿਚ ਕੀਤਾ ਸੀ)। ਇਸ ਵਿਆਖਿਆ ਦਾ ਸਮਰਥਨ ਬਿਵਸਥਾ ਸਾਰ 10:4 ਵਿਚ ਸਮਾਨਾਂਤਰ ਹਵਾਲੇ ਦੁਆਰਾ ਕੀਤਾ ਗਿਆ ਹੈ, ਜਿੱਥੇ ਮੂਸਾ ਨੇ ਪਰਮੇਸ਼ੁਰ ਦੀ ਗੱਲ ਕੀਤੀ ਸੀ: "ਉਸ ਨੇ ਉਨ੍ਹਾਂ ਪੱਟੀਆਂ ਉੱਤੇ ਲਿਖਿਆ ਜਿਵੇਂ ਪਹਿਲਾਂ ਲਿਖਿਆ ਸੀ ਅਰਥਾਤ ਦਸ ਹੁਕਮ ਜਿਹੜੇ ਯਹੋਵਾਹ ਤੁਹਾਡੇ ਨਾਲ ਪਹਾੜ ਉੱਤੇ ਅੱਗ ਦੇ ਵਿੱਚ ਦੀ ਸਭਾ ਵਾਲੇ ਦਿਨ ਬੋਲਿਆ ਸੀ। ਫੇਰ ਯਹੋਵਾਹ ਨੇ ਓਹ ਮੈਨੂੰ ਦੇ ਦਿੱਤੀਆਂ।"

## ਯਹੋਵਾਹ ਦੇ ਪਰਤਾਪ ਦਾ ਪਰਗਟ ਕੀਤਾ ਜਾਣਾ (34:29-35)

**29ਤਾਂ ਐਉਂ ਹੋਇਆ ਕਿ ਜਾਂ ਮੂਸਾ ਸੀਨਈ ਪਹਾੜ ਤੋਂ ਉੱਤਰਿਆ ਤਾਂ ਮੂਸਾ ਦੇ ਹੱਥ ਵਿੱਚ
ਪਹਾੜ ਤੋਂ ਉਤਰਨ ਦੇ ਸਮੇਂ ਸਾਖੀ ਦੀਆਂ ਦੋ ਫੱਟੀਆਂ ਸਨ ਅਤੇ ਮੂਸਾ ਨੂੰ ਮਲੂਮ ਨਾ ਹੋਇਆ ਭਈ
ਉਸ ਦੇ ਮੂੰਹ ਦੀ ਖੱਲ ਉਸ ਦੇ ਨਾਲ ਬੋਲਣ ਦੇ ਕਾਰਨ ਚਮਕਦੀ ਹੈ। 30ਜਦ ਹਾਰੂਨ ਨੇ ਅਤੇ ਸਾਰੇ
ਇਸਰਾਏਲੀਆਂ ਨੇ ਮੂਸਾ ਨੂੰ ਡਿੱਠਾ ਤਾਂ ਵੇਖੋ ਉਸ ਦੇ ਮੂੰਹ ਦੀ ਖੱਲ ਚਮਕਦੀ ਸੀ ਅਰ ਓਹ ਉਸ ਦੇ
ਨੇੜੇ ਜਾਣ ਤੋਂ ਡਰੇ। 31ਤਾਂ ਮੂਸਾ ਨੇ ਉਨ੍ਹਾਂ ਨੂੰ ਬੁਲਾਇਆ ਅਤੇ ਹਾਰੂਨ ਅਰ ਮੰਡਲੀ ਦੇ ਸਾਰੇ ਪਰਧਾਨ
ਉਸ ਦੇ ਕੋਲ ਮੁੜ ਆਏ ਅਰ ਮੂਸਾ ਨੇ ਉਨ੍ਹਾਂ ਦੇ ਨਾਲ ਗੱਲਾਂ ਕੀਤੀਆਂ। 32ਫੇਰ ਸਾਰੇ ਇਸਰਾਏਲੀ
ਉਸ ਦੇ ਨੇੜੇ ਆਏ ਤਾਂ ਉਸ ਨੇ ਸਾਰੇ ਹੁਕਮ ਜਿਹੜੇ ਯਹੋਵਾਹ ਨੇ ਉਸ ਨੂੰ ਸੀਨਈ ਪਹਾੜ ਉੱਤੇ
ਆਖੇ ਸਨ ਉਨ੍ਹਾਂ ਨੂੰ ਦਿੱਤੇ। 33ਜਾਂ ਮੂਸਾ ਉਨ੍ਹਾਂ ਨਾਲ ਗੱਲਾਂ ਕਰ ਚੁੱਕਿਆ ਤਾਂ ਆਪਣੇ ਮੂੰਹ ਉੱਤੇ
ਪੜਦਾ ਪਾ ਲਿਆ। 34ਜਦ ਮੂਸਾ ਯਹੋਵਾਹ ਦੇ ਸਨਮੁਖ ਗੱਲਾਂ ਕਰਨ ਲਈ ਜਾਂਦਾ ਸੀ ਤਾਂ ਪੜਦਾ
ਲਾਹ ਸੁੱਟਦਾ ਸੀ ਜਦ ਤੀਕ ਉਹ ਬਾਹਰ ਨਹੀਂ ਸੀ ਆਉਂਦਾ ਅਰ ਬਾਹਰ ਆਕੇ ਉਹ**

**ਇਸਰਾਏਲੀਆਂ ਨੂੰ ਜੋ ਉਹ ਨੂੰ ਹੁਕਮ ਹੁੰਦਾ ਸੀ ਦੱਸਦਾ ਸੀ। [35]ਇਸਰਾਏਲੀ ਮੂਸਾ ਦੇ ਮੂੰਹ ਨੂੰ ਵੇਖਦੇ ਸਨ ਭਈ ਮੂਸਾ ਦੇ ਮੂੰਹ ਦੀ ਖੱਲ ਚਮਕਦੀ ਹੈ ਤਾਂ ਮੂਸਾ ਫੇਰ ਆਪਣੇ ਮੂੰਹ ਉੱਤੇ ਪੜਦਾ ਪਾ ਲੈਂਦਾ ਸੀ ਜਦ ਤੀਕ ਉਹ ਦੇ ਨਾਲ ਗੱਲਾਂ ਕਰਨ ਨੂੰ ਅੰਦਰ ਨਾ ਆਉਂਦਾ ਸੀ।**

**ਆਇਤ 29. ਮੂਸਾ** ਜਦੋਂ **ਦੋ ਫੱਟੀਆਂ** ਨਾਲ **ਪਹਾੜ ਤੋਂ ਉੱਤਰਿਆ**, ਉਹ ਇਸ ਗੱਲ ਤੋਂ ਅਣਜਾਣ ਸੀ ਕਿ ਪਰਮੇਸ਼ੁਰ ਨਾਲ ਉਸ ਦੀ ਮੁਲਾਕਾਤ ਦੇ ਕਾਰਣ ਉਸ ਦੇ ਮੂੰਹ ਦੀ ਖੱਲ ਚਮਕ ਰਹੀ ਸੀ।[11] ਉਹ ਚਾਨਣ ਜਿਹੜਾ ਮੂਸਾ ਦੇ ਮੂੰਹ ਤੋਂ ਚਮਕਦਾ ਸੀ ਉਸ ਨੂੰ ਯਹੋਵਾਹ ਦੇ ਪਰਗਟ ਕੀਤੇ ਗਏ ਤੇਜ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ ਜੋ ਕਿ ਉਸ ਦੇ ਪਰਮੇਸ਼ੁਰ ਦੀ ਹਜ਼ੂਰੀ ਵਿਚ ਰਹਿਣ ਦੇ ਨਤੀਜੇ ਵਜੋਂ ਸੀ (2 ਕੁਰਿੰਥੀਆਂ 3:7)।

**ਆਇਤ 30. ਇਸਰਾਏਲੀਆਂ** ਨੇ **ਮੂਸਾ** ਨੂੰ ਵੇਖ ਕੇ ਡਰ ਨਾਲ ਪ੍ਰਤੀਕਿਰਿਆ ਕੀਤੀ। ਜਿਵੇਂ ਲੋਕ **ਡਰ** ਗਏ ਸਨ ਜਦੋਂ ਪਰਮੇਸ਼ੁਰ ਨੇ ਪਹਾੜ ਤੋਂ ਗੱਲ ਕੀਤੀ ਸੀ (20:18, 19), ਉਹ ਉਦੋਂ ਵੀ ਡਰੇ ਜਦੋਂ ਪਰਮੇਸ਼ੁਰ ਦਾ ਨੁਮਾਇੰਦਾ ਉਨ੍ਹਾਂ ਦੇ ਨੇੜੇ ਆਇਆ। ਪਰਮੇਸ਼ੁਰ ਦੀ ਪਵਿੱਤਰ ਹਜ਼ੂਰੀ ਖ਼ਤਰਨਾਕ ਹੈ; ਜਿਹੜੇ ਬਿਨ ਬੁਲਾਏ ਪਰਮੇਸ਼ੁਰ ਜਾਂ ਪਰਮੇਸ਼ੁਰ ਦੀਆਂ ਚੀਜ਼ਾਂ ਦੇ ਨੇੜੇ ਜਾਂਦੇ ਸਨ ਸੰਭਵ ਤੌਰ ਤੇ ਉੱਥੇ ਮਰ ਜਾਂਦੇ ਸਨ। ਇਸ ਮਾਮਲੇ ਵਿਚ ਲੋਕ ਸੁਰੱਖਿਅਤ ਸਨ। ਮੂਸਾ ਦੇ ਬਦਲੇ ਹੋਏ ਰੂਪ ਨੇ ਭਰੋਸਾ ਦਿੱਤਾ ਕਿ ਉਹ ਪਰਮੇਸ਼ੁਰ ਦੇ ਨਾਲ ਰਿਹਾ ਸੀ ਅਤੇ ਪਰਮੇਸ਼ੁਰ ਨੇ **ਉਸ** ਦੇ ਰਾਹੀਂ ਗੱਲ ਕੀਤੀ ਸੀ, ਪਰ ਇਸ ਨਾਲ ਕੌਮ ਨੂੰ ਕੋਈ ਖ਼ਤਰਾ ਨਹੀਂ ਸੀ।

**ਆਇਤਾਂ 31, 32.** ਇਸ ਲਈ, **ਤਾਂ ਮੂਸਾ ਨੇ ਉਨ੍ਹਾਂ ਨੂੰ ਬੁਲਾਇਆ ਅਤੇ ਹਾਰੂਨ ਅਰ ਮੰਡਲੀ ਦੇ ਸਾਰੇ ਪਰਧਾਨ ਉਸ ਦੇ ਕੋਲ ਮੁੜ ਆਏ ... ।** ਫਿਰ **ਮੂਸਾ ਨੇ ਉਨ੍ਹਾਂ ਦੇ ਨਾਲ ਗੱਲਾਂ ਕੀਤੀਆਂ**। ਪਰਤੱਖ ਰੂਪ ਵਿਚ, ਮੂਸਾ ਨੇ ਹੋਰ ਕੁਝ ਨਹੀਂ ਬਲਕਿ ਉਨ੍ਹਾਂ ਦੇ ਡਰ ਨੂੰ ਸ਼ਾਂਤ ਕੀਤਾ। ਸ਼ਾਇਦ ਉਸ ਨੇ ਉਨ੍ਹਾਂ ਨੂੰ ਆਪਣੇ ਅਨੁਭਵਾਂ ਦੇ ਬਾਰੇ ਦੱਸਿਆ ਅਤੇ ਬਿਵਸਥਾ ਦੇ ਪੜ੍ਹਨ ਦੇ ਲਈ ਇਕ ਸਮਾਂ ਤੈਅ ਕੀਤਾ।

ਬਾਅਦ ਵਿਚ, **ਸਾਰੇ ਇਸਰਾਏਲੀ ਉਸ** [ਮੂਸਾ] **ਦੇ ਨੇੜੇ ਆਏ ਤਾਂ ਉਸ ਨੇ ਸਾਰੇ ਹੁਕਮ ਜਿਹੜੇ ਯਹੋਵਾਹ ਨੇ ਉਸ ਨੂੰ ਸੀਨਈ ਪਹਾੜ ਉੱਤੇ ਆਖੇ ਸਨ ਉਨ੍ਹਾਂ ਨੂੰ ਦਿੱਤੇ**। ਇਸ ਮੌਕੇ ਤੇ, ਮੂਸਾ ਨੇ ਉਹ ਵਿਧੀਆਂ ਪੜ੍ਹੀਆਂ ਜਾਂ ਲੋਕਾਂ ਨੂੰ ਸੁਣਾਈਆਂ ਸਨ ਜੋ ਪਰਮੇਸ਼ੁਰ ਨੇ ਉਸ ਨੂੰ ਇਸਰਾਏਲੀਆਂ ਦੇ ਲਈ ਦਿੱਤੀਆਂ ਸਨ, ਜਿਵੇਂ ਉਸ ਨੇ ਨੇਮ ਵਿਚ ਸੋਧ ਦੀ ਰਸਮ ਦੇ ਸਮੇਂ ਕੀਤਾ ਸੀ (24:3, 7)। ਜਦ ਕਿ ਮੂਲ ਲਿਖਤ ਇਹ ਨਹੀਂ ਕਹਿੰਦੀ ਲੋਕਾਂ ਨੇ ਫੇਰ ਉਹ ਸਾਰੀਆਂ ਗੱਲਾਂ ਮੰਨਣ ਦੇ ਲਈ ਆਪਣੇ ਆਪ ਵਿਚ ਪ੍ਰਤਿੱਗਿਆ ਕੀਤੀ, ਸ਼ਾਇਦ ਉਨ੍ਹਾਂ ਨੇ ਪ੍ਰਤਿੱਗਿਆ ਕੀਤੀ ਸੀ, ਪਹਿਲੀ ਘਟਨਾ ਦੀ ਮਿਸਾਲ ਦਿੰਦੇ ਹੋਏ।

**ਆਇਤ 33.** ਅਧਿਆਇ ਦੀਆਂ ਆਖ਼ਰੀ ਆਇਤਾਂ ਮੂਸਾ ਨੂੰ ਪਰਮੇਸ਼ੁਰ ਦੇ ਦਿੱਤੇ ਜਾ ਰਹੇ ਪਰਕਾਸ਼ਾਂ ਦਾ ਵਰਣਨ ਕਰਦੀਆਂ ਹਨ। ਉਹ ਦੱਸਦੀਆਂ ਹਨ ਕਿ ਮੂਸਾ ਦਾ ਮੂੰਹ ਕੁਝ ਸਮੇਂ ਲਈ ਨਹੀਂ ਬਲਕਿ ਨਿਰੰਤਰ ਚਮਕਦਾ ਰਹਿੰਦਾ ਸੀ। ਦਰਅਸਲ, ਉਸ ਦਾ ਮੂੰਹ ਇੰਨਾ ਜ਼ਿਆਦਾ ਚਮਕਦਾ ਸੀ ਕਿ ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਕੰਮਕਾਜ ਕਰਨੇ ਮੁਸ਼ਕਲ ਹੋ ਜਾਂਦੇ ਸਨ; ਸਿੱਟੇ ਵਜੋਂ, ਜਦੋਂ ਉਹ ਪਰਮੇਸ਼ੁਰ ਦੇ ਬੁਲਾਰੇ ਦੇ ਤੌਰ ਤੇ ਕੰਮ ਨਹੀਂ ਸੀ ਕਰ ਰਿਹਾ ਹੁੰਦਾ, ਉਸ ਦਾ ਮੂੰਹ **ਪੜਦੇ** ਨਾਲ ਢੱਕ ਦਿੱਤਾ ਜਾਂਦਾ ਸੀ।

**ਆਇਤਾਂ 34, 35.** ਜਦੋਂ ਮੂਸਾ ਨੂੰ ਪਰਮੇਸ਼ੁਰ ਦੇ ਵੱਲੋਂ ਕੋਈ ਸੰਦੇਸ਼ ਮਿਲਦਾ ਸੀ, **ਉਹ ਪੜਦਾ ਲਾਹ ਸੁੱਟਦਾ ਸੀ**। ਇਸ ਵਕਤ, ਇਹ ਪਰਕਾਸ਼ ਸ਼ਾਇਦ ਮੰਡਲੀ ਦੇ ਤੰਬੂ ਵਿਚ ਦਿੱਤੇ ਗਏ ਸਨ (33:7-11)। ਜਦੋਂ ਮੂਸਾ ਬਾਹਰ ਆਉਂਦਾ ਅਤੇ ਲੋਕਾਂ ਨੂੰ ਪਰਮੇਸ਼ੁਰ ਦਾ ਵਚਨ ਦਿੰਦਾ ਸੀ, ਉਹ

ਵੇਖਦੇ ਸਨ ਕਿ ਮੂਸਾ ਦੇ ਮੂੰਹ ਦੀ ਖੱਲ ਚਮਕਦੀ ਹੈ। ਇਹ ਉਨ੍ਹਾਂ ਲਈ ਇਸ ਗੱਲ ਤੇ ਜ਼ੋਰ ਦਿੰਦਾ ਸੀ ਕਿ ਉਸ ਦੀਆਂ ਗੱਲਾਂ ਪਰਮੇਸ਼ੁਰ ਦੀ ਵੱਲੋਂ ਸਨ।[12] ਬਾਕੀ ਦੇ ਸਮੇਂ, ਮੂਸਾ ਦੇ ਲਈ ਆਪਣੇ ਮੂੰਹ ਨੂੰ **ਪੜਦੇ** ਨਾਲ ਢੱਕਣਾ ਜ਼ਰੂਰੀ ਹੁੰਦਾ ਸੀ।

# ਪ੍ਰਾਸੰਗਿਕਤਾ

**ਬਹਾਲੀ ਤੋਂ ਬਾਅਦ, ਫਿਰ ਕੀ? (ਅਧਿਆਇ 34)**

ਵਿਅਕਤੀਗਤ ਮਸੀਹੀ ਲੋਕਾਂ ਨੂੰ, ਜਾਦੂਗਰ ਸ਼ਮਊਨ ਦੇ ਵਾਂਗ, ਕਈ ਵਾਰ ਬਹਾਲ ਕਰਨ ਦੀ ਲੋੜ ਹੁੰਦੀ ਹੈ (ਰਸੂਲਾਂ ਦੇ ਕਰਤੱਬ 8:18-24; ਗਲਾਤੀਆਂ 6:1; ਯਾਕੂਬ 5:20)। ਅਸਿਯਾ ਦੀਆਂ ਸੱਤ ਕਲੀਸੀਆਵਾਂ ਨੂੰ ਲਿਖੇ ਪੱਤਰ ਦੱਸਦੇ ਹਨ ਕਿ ਕਈ ਵਾਰ ਪੂਰੀ ਮੰਡਲੀ (ਕਲੀਸੀਆ) ਨੂੰ ਬਹਾਲ ਕਰਨਾ ਪੈਂਦਾ ਹੈ (ਪਰਕਾਸ਼ ਦੀ ਪੋਥੀ 2:5)। ਬਹਾਲੀ ਵਿਚ ਕੀ ਸ਼ਾਮਲ ਹੁੰਦਾ ਹੈ? ਸਪੱਸ਼ਟ ਤੌਰ ਤੇ, ਜਿਹੜੇ ਡਿੱਗ ਚੁੱਕੇ ਹਨ ਉਨ੍ਹਾਂ ਨੂੰ ਆਪਣੇ ਪਾਪ ਨੂੰ ਪਛਾਣਨਾ ਅਤੇ ਉਸ ਤੋਂ ਮੁੜਨਾ ਜਾਂ ਤੋਬਾ ਕਰਨੀ ਚਾਹੀਦੀ ਹੈ (ਰਸੂਲਾਂ ਦੇ ਕਰਤੱਬ 8:22; ਪਰਕਾਸ਼ ਦੀ ਪੋਥੀ 2:5) ਅਤੇ ਪਰਮੇਸ਼ੁਰ ਉਨ੍ਹਾਂ ਨੂੰ ਮਾਫ਼ ਕਰਦਾ ਹੈ। ਫਿਰ ਕੀ? ਬਹਾਲ ਕੀਤਾ ਹੋਇਆ ਵਿਅਕਤੀ ਫੇਰ ਡਿੱਗਣ ਤੋਂ ਕਿਵੇਂ ਬਚ ਸਕਦਾ ਹੈ? ਇਸ ਦਾ ਜਵਾਬ ਨਵਿਆਉਣਾ ਹੈ।

ਕੂਚ ਦੀ ਪੁਸਤਕ ਇਸ ਸਿਧਾਂਤ ਦਾ ਉਦਾਹਰਣ ਦਿੰਦੀ ਹੈ। 32 ਅਤੇ 33 ਅਧਿਆਵਾਂ ਵਿਚ, ਇਸਰਾਏਲੀਆਂ ਨੇ ਪਾਪ ਕੀਤਾ ਅਤੇ ਮਾਫ਼ ਕੀਤੇ ਗਏ ਸਨ। ਇਸ ਤੋਂ ਪਹਿਲਾਂ ਕਿ ਉਹ ਵਾਅਦੇ ਦੇ ਦੇਸ ਵਿਚ ਜਾਣ ਦੇ ਲਈ ਆਪਣੇ ਸਫ਼ਰ ਨੂੰ ਅੱਗੇ ਜਾਰੀ ਰੱਖ ਸਕਦੇ, ਉਨ੍ਹਾਂ ਨੂੰ ਨਵੇਂ ਸਿਰੇ ਤੋਂ ਨਵਿਆਉਣ, ਦੁਬਾਰਾ ਸਮਰਪਣ ਅਤੇ ਜਾਗ੍ਰਿਤੀ ਦੀ ਲੋੜ ਸੀ! ਬਿਲਕੁਲ ਉਸੇ ਤਰ੍ਹਾਂ ਮਸੀਹੀ ਲੋਕਾਂ ਨੂੰ ਬਹਾਲ ਕਰਨ ਦੀ ਲੋੜ ਹੁੰਦੀ ਹੈ।

*ਪਰਮੇਸ਼ੁਰ ਬਾਰੇ ਸਾਡੇ ਦਰਸ਼ਣ ਨੂੰ ਨਵਿਆਉਣਾ।* ਇਸਰਾਏਲੀ ਪਹਿਲਾਂ ਤੋਂ ਪਰਮੇਸ਼ੁਰ ਨੂੰ ਜਾਣਦੇ ਸਨ; ਲੋਕਾਂ ਨੇ ਉਸ ਦੀ ਹਜ਼ੂਰੀ ਦਾ ਅਨੁਭਵ ਕੀਤਾ ਸੀ। ਹੁਣ ਉਨ੍ਹਾਂ ਨੂੰ ਉਸ ਵਿਚ ਨਿਹਚਾ ਦੀ ਉਨ੍ਹਾਂ ਦੀ ਸਮਝ ਨੂੰ ਨਵਿਆਉਣ ਦੀ ਲੋੜ ਸੀ। ਉਨ੍ਹਾਂ ਦੀ ਇਸ ਲੋੜ ਨੂੰ ਪੂਰਾ ਕਰਨ ਦੇ ਲਈ, ਪਰਮੇਸ਼ੁਰ ਨੇ ਆਪਣੇ ਆਪ ਨੂੰ ਮੂਸਾ ਨੂੰ ਵਿਖਾਇਆ (34:1-9; ਵੇਖੋ 33:18-23)। ਸਭ ਤੋਂ ਮਹੱਤਵਪੂਰਣ ਗੱਲ, ਪਰਮੇਸ਼ੁਰ ਨੇ ਮੂਸਾ ਅਤੇ ਇਸਰਾਏਲੀਆਂ ਨੂੰ ਆਪਣੇ ਬਾਰੇ ਦੱਸਿਆ। ਕੂਚ 34:6, 7 ਉਸ ਨੂੰ ਪ੍ਰੇਮ ਕਰਨ ਵਾਲੇ ਪਰਮੇਸ਼ੁਰ ਵਜੋਂ ਦਰਸਾਉਂਦੀਆਂ ਹਨ: "ਦਿਆਲੂ ਅਤੇ ਕਿਰਪਾਲੂ ਪਰਮੇਸ਼ੁਰ ਹੈ ਕਰੋਧ ਵਿੱਚ ਧੀਰਜੀ ਅਰ ਭਲਿਆਈ ਅਤੇ ਸਚਿਆਈ ਨਾਲ ਭਰਪੂਰ ਹੈ। ਹਜਾਰਾਂ ਲਈ ਭਲਿਆਈ ਰੱਖਣ ਵਾਲਾ ਹੈ।" ਪ੍ਰੇਮੀ ਪਰਮੇਸ਼ੁਰ ਹੁੰਦੇ ਹੋਏ, ਉਹ "ਕੁਧਰਮ ਅਪਰਾਧ ਅਰ ਪਾਪ ਦਾ ਬਖ਼ਸ਼ਣ ਹਾਰ ਹੈ।" ਉਹ ਉਹ ਪਰਮੇਸ਼ੁਰ ਵੀ ਹੈ ਜਿਹੜਾ ਪਾਪ ਦੀ ਸਜ਼ਾ ਦਿੰਦਾ ਹੈ: "ਕੁਧਰਮੀ ਨੂੰ ਏਵੇਂ ਨਹੀਂ ਛੱਡਦਾ ਪਰ ਪੇਵਾਂ ਦਾ ਕੁਧਰਮ ਉਨ੍ਹਾਂ ਦੇ ਪੁੱਤ੍ਰਾਂ ਉੱਤੇ ਅਤੇ ਪੁੱਤ੍ਰਾਂ ਦੇ ਪੁੱਤ੍ਰਾਂ ਉੱਤੇ ਤੀਜੀ ਚੌਥੀ ਪੀੜ੍ਹੀ ਤੀਕ ਬਦਲਾ ਲੈਣ ਹਾਰ ਹੈ।" ਪਰਮੇਸ਼ੁਰ ਨਾ ਸਿਰਫ ਪ੍ਰੇਮੀ ਪਰਮੇਸ਼ੁਰ ਹੈ, ਪਰ ਉਹ ਕਰੋਧ ਕਰਨ ਵਾਲਾ ਪਰਮੇਸ਼ੁਰ ਵੀ ਹੈ। ਉਹ ਪਸ਼ਚਾਤਾਪ ਨਾ ਕਰਨ ਵਾਲੇ ਪਾਪੀਆਂ ਨੂੰ ਸਜ਼ਾ ਦਿੰਦਾ ਹੈ (ਵੇਖੋ ਰੋਮੀਆਂ 11:22)। ਉਨ੍ਹਾਂ ਦੇ ਇਤਹਾਸ ਵਿਚ ਇੱਥੇ ਆ ਕੇ, ਇਸਰਾਏਲੀਆਂ ਨੂੰ ਪਰਮੇਸ਼ੁਰ ਦੇ ਇਨ੍ਹਾਂ ਗੁਣਾਂ ਬਾਰੇ ਸਿੱਖਣਾ ਪਿਆ ਸੀ।

ਸਾਨੂੰ ਬਹਾਲ ਹੋਣ ਦੇ ਲਈ, ਸਾਨੂੰ ਪਰਮੇਸ਼ੁਰ ਨੂੰ ਉਸੇ ਤਰ੍ਹਾਂ ਵੇਖਣ ਦੀ ਲੋੜ ਹੈ ਜਿਵੇਂ ਦਾ ਉਹ ਹੈ: ਦਿਆਲੂ ਅਤੇ ਮਾਫ਼ ਕਰਨ ਵਾਲਾ, ਪਰ ਸਖ਼ਤ ਅਤੇ ਕਰੋਧ ਨਾਲ ਭਰਪੂਰ ਵੀ। ਉਹ ਸਾਡੇ ਨਾਲ ਕਿਵੇਂ ਦਾ ਵਿਹਾਰ ਕਰੇਗਾ ਇਸ ਤੇ ਨਿਰਭਰ ਕਰਦਾ ਹੈ ਕਿ ਅਸੀਂ ਤੋਬਾ ਕਰਨ ਦੇ ਲਈ

ਤਿਆਰ ਹਾਂ ਜਾਂ ਨਹੀਂ। ਇਕ ਵਾਰ ਜਦੋਂ ਅਸੀਂ ਬਹਾਲ ਕਰ ਦਿੱਤੇ ਜਾਂਦੇ ਹਾਂ, ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਪ੍ਰੇਮੀ ਪਰਮੇਸ਼ੁਰ ਜਿਸ ਨੇ ਆਪਣੀ ਇੱਛਾ ਨਾਲ ਸਾਡਾ ਪਾਪ ਮਾਫ਼ ਕਰ ਦਿੱਤਾ ਸਾਨੂੰ ਸਜ਼ਾ ਦੇਵੇਗਾ ਜੇਕਰ ਅਸੀਂ ਸੰਸਾਰ ਵਿਚ ਵਾਪਸ ਚਲੇ ਜਾਂਦੇ ਹਾਂ।

*ਪਰਮੇਸ਼ੁਰ ਨਾਲ ਸਾਡੇ ਨੇਮ ਦਾ ਨਵਿਆਉਣਾ।* ਕੂਚ ਦੀ ਪੁਸਤਕ ਵਿਚ ਇਸਰਾਏਲੀਆਂ ਦੇ ਅਸਲੀ ਅਨੁਭਵ ਵਿਚ ਸ਼ਾਮਲ ਸੀ ਉਨ੍ਹਾਂ ਦਾ ਪਰਮੇਸ਼ੁਰ ਨੂੰ ਜਾਣਨਾ - ਮੂਸਾ, ਬਵਾਂ, ਸਮੁੰਦਰ ਦੇ ਵਿੱਚੋਂ ਦੀ ਪਾਰ ਲੰਘਣਾ, ਉਨ੍ਹਾਂ ਦੀ ਉਜਾੜ ਦੀ ਯਾਤਰਾ ਅਤੇ ਸੀਨਈ ਪਹਾੜ ਤੇ ਉਨ੍ਹਾਂ ਦੇ ਅਨੁਭਵਾਂ ਰਾਹੀਂ। ਫਿਰ ਉਨ੍ਹਾਂ ਨੇ ਪਰਮੇਸ਼ੁਰ ਦੇ ਨਾਲ ਇਕ ਨੇਮ ਬੰਨ੍ਹਿਆ, ਉਸ ਦੀ ਆਗਿਆ ਦਾ ਪਾਲਣ ਕਰਨ ਦੀ ਪ੍ਰਤਿੱਗਿਆ ਕਰਦੇ ਹੋਏ (ਅਧਿਆਇ 19)। ਉਨ੍ਹਾਂ ਦੇ ਵੱਡਾ ਪਾਪ ਕਰਨ ਤੋਂ ਬਾਅਦ (ਅਧਿਆਇ 32), ਉਨ੍ਹਾਂ ਨੇ ਨੇਮ ਨੂੰ ਨਵੇਂ ਸਿਰੇ ਤੋਂ ਨਵਾਂ ਕੀਤਾ।

ਕੂਚ 34 ਵਿਚ ਇਸਰਾਏਲ ਦੇ ਪਿਛਲੇ ਅਨੁਭਵਾਂ ਦੀ ਯਾਦ ਤਾਜ਼ਾ ਕਰਨ ਦੇ ਲਈ ਬਹੁਤ ਕੁਝ ਲਿਖਿਆ ਗਿਆ ਹੈ। ਪਰਮੇਸ਼ੁਰ ਨੇ ਆਪਣੇ ਆਪ ਨੂੰ ਮੂਸਾ ਤੇ ਪਰਗਟ ਕੀਤਾ, ਪਹਿਲਾਂ ਵਾਂਗ, ਅਤੇ ਦੋ ਨਵੀਆਂ ਫੱਟੀਆਂ ਤੇ ਬਿਵਸਥਾ ਲਿਖੀ ਗਈ। ਜਦੋਂ ਪਰਮੇਸ਼ੁਰ ਨੇ ਮੂਸਾ ਨੂੰ ਆਖਿਆ ਉਹ ਕੌਮ ਨੂੰ "ਆਪਣੀ ਅਧਕਾਰੀ" ਬਣਾਵੇ (34:9), ਉਸ ਨੇ ਉਨ੍ਹਾਂ ਸ਼ਬਦਾਂ ਦੀ ਹੀ ਵਰਤੋਂ ਕੀਤੀ ਜਿਹੜੇ ਪਰਮੇਸ਼ੁਰ ਨੇ 19:5 ਵਿਚ ਵਰਤੇ ਸਨ। ਆਇਤ 28 ਵਿਚ ਦਸ ਹੁਕਮਾਂ ਦਾ ਜ਼ਿਕਰ ਕੀਤਾ ਗਿਆ ਹੈ। ਇਕ ਵਾਰ ਫੇਰ, ਮੂਸਾ ਨੇ ਲੋਕਾਂ ਨੂੰ ਵਿਧੀਆਂ ਦਿੱਤੀਆਂ (34:31, 32; ਵੇਖੋ ਕੂਚ 24)। ਸਪੱਸ਼ਟ ਰੂਪ ਵਿਚ, ਪਰਮੇਸ਼ੁਰ ਇਸਰਾਏਲ ਨਾਲ ਆਪਣੇ ਨੇਮ ਨੂੰ ਨਵਾਂ ਕਰ ਰਿਹਾ ਸੀ (34:9, 10)।

ਜਦੋਂ ਅਸੀਂ ਮਸੀਹੀ ਜਾਂ ਵਿਸ਼ਵਾਸੀ ਹੋਣ ਦੇ ਨਾਤੇ ਬਹਾਲ ਹੋਣਾ ਚਾਹੁੰਦੇ ਹਾਂ, ਸਾਨੂੰ ਪਰਮੇਸ਼ੁਰ ਨਾਲ ਆਪਣੇ ਨੇਮ ਨੂੰ ਨਵਾਂ ਕਰਨ ਦੀ ਲੋੜ ਹੁੰਦੀ ਹੈ। ਇਕ ਮਸੀਹੀ ਵਿਅਕਤੀ ਦਾ ਪਰਮੇਸ਼ੁਰ ਨਾਲ ਸ਼ੁਰੂਆਤੀ ਸਮਝੌਤਾ ਇਸਰਾਏਲ ਵਰਗਾ ਹੀ ਹੈ। ਦਰਅਸਲ, ਮਸੀਹੀ ਬਣ ਕੇ, ਅਸੀਂ ਆਖਿਆ, "ਉਹ ਸਾਰੀਆਂ ਗੱਲਾਂ ਜੋ ਪਰਮੇਸ਼ੁਰ ਨੇ ਕਹੀਆਂ ਹਨ ਅਸੀਂ ਉਨ੍ਹਾਂ ਨੂੰ ਮੰਨਾਂਗੇ।" ਜਦੋਂ ਅਸੀਂ ਪਾਪ ਵਿਚ ਡਿੱਗ ਜਾਂਦੇ ਹਾਂ, ਅਸੀਂ ਉਸ ਨੇਮ ਨੂੰ ਤੋੜ ਦਿੰਦੇ ਹਾਂ। ਮੁੜ ਵਾਪਸ ਆਉਣ ਦੇ ਲਈ, ਸਾਨੂੰ ਨੇਮ ਨੂੰ ਨਵਾਂ ਕਰਨਾ ਚਾਹੀਦਾ ਹੈ ਅਤੇ ਉਹ *ਸਭ* ਕਰਨ ਦੇ ਲਈ ਜੋ ਯਹੋਵਾਹ ਸਾਡੇ ਕੋਲੋਂ ਮੰਗ ਕਰਦਾ ਹੈ ਤਾਜ਼ੇ ਦ੍ਰਿੜ੍ਹ ਇਰਾਦੇ ਨਾਲ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਆਪਣੇ ਆਪ ਨੂੰ ਮੁੜ ਤੋਂ ਅਰਪਣ ਕਰਨਾ ਚਾਹੀਦਾ ਹੈ!

*ਪਰਮੇਸ਼ੁਰ ਦੀਆਂ ਮੰਗਾਂ ਦੀ ਸਾਡੀ ਸਮਝ ਨੂੰ ਨਵਿਆਉਣਾ।* ਕੂਚ 34 ਅਧਿਆਇ ਦੱਸਦਾ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਵਿਧੀਆਂ ਨੂੰ ਦੁਹਰਾਇਆ ਸੀ ਜੋ ਉਸ ਨੇ ਪਹਿਲਾਂ ਦਿੱਤੀਆਂ ਸਨ। ਇਸਰਾਏਲੀਆਂ ਨੂੰ ਫੇਰ ਉਸ ਵਾਅਦੇ ਬਾਰੇ ਸੁਣਨ ਦੀ ਲੋੜ ਸੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਕਨਾਨ ਦੇਸ ਵਿਚ ਲੈ ਕੇ ਆਵੇਗਾ (34:10, 11)। ਉਨ੍ਹਾਂ ਨੂੰ ਚੇਤੇ ਕਰਾਉਣ ਦੀ ਲੋੜ ਸੀ ਕਿ ਪਰਮੇਸ਼ੁਰ ਉਨ੍ਹਾਂ ਵੱਲੋਂ ਸੰਪੂਰਣ ਭਗਤੀ ਚਾਹੁੰਦਾ ਸੀ। ਇਹ ਭਗਤੀ ਕਿਸੇ ਦੂਜੇ ਦੇਵਤਿਆਂ ਦੀ ਪੂਜਾ ਨਾ ਕਰਨ ਦੀ ਉਨ੍ਹਾਂ ਦੀ ਨਾਂਹ ਵਿਚ (34:12-17), ਬੰਦਗੀ ਦੇ ਨਿਯਮਤ ਸਮਿਆਂ ਵਿਚ (34:18, 21-25), ਦਾਨ ਦੇਣ ਵਿਚ (34:19, 20, 26) ਅਤੇ ਦਸ ਹੁਕਮਾਂ ਦੀ ਸਿੱਖਿਆ ਦੇ ਅਨੁਸਾਰ, ਦੂਜਿਆਂ ਨਾਲ ਸਹੀ ਵਿਹਾਰ ਕਰਨ ਵਿਚ (34:28) ਦਿਖਾਈ ਦੇਣੀ ਚਾਹੀਦੀ ਸੀ।

ਸਾਨੂੰ ਵੀ, ਪਰਮੇਸ਼ੁਰ ਦੀਆਂ ਮੰਗਾਂ ਤੇ ਨਵੇਂ ਸਿਰਿਓਂ ਨਜ਼ਰ ਮਾਰਨੀ ਚਾਹੀਦੀ ਹੈ। ਪਰਮੇਸ਼ੁਰ ਦੇ ਪ੍ਰਤੀ ਸਾਡਾ ਅਰਪਣ ਮੰਗ ਕਰਦਾ ਹੈ ਕਿ ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਰਪਣ ਕਰੀਏ, ਪਰਮੇਸ਼ੁਰ ਨੂੰ ਪਿਆਰ ਕਰਨ ਦੁਆਰਾ ਅਤੇ ਮਨੁੱਖਾਂ ਨੂੰ ਪਿਆਰ ਕਰਨ ਦੁਆਰਾ। ਬਹਾਲੀ ਸਾਡੀ ਸਮਝ ਨੂੰ ਅਤੇ ਪਰਮੇਸ਼ੁਰ ਦੀਆਂ ਵਿਧੀਆਂ ਦਾ ਪਾਲਣ ਕਰਨ ਦੇ ਲਈ ਸਾਡੇ ਦ੍ਰਿੜ੍ਹ ਇਰਾਦੇ ਨੂੰ ਨਵਿਆਉਣ ਦੀ ਮੰਗ ਕਰਦੀ ਹੈ। ਜਦੋਂ ਤੱਕ ਸਾਡੇ ਜੀਵਨ

ਉਸ ਦ੍ਰਿੜ੍ਹ ਇਰਾਦੇ ਨੂੰ ਨਹੀਂ ਵਿਖਾਉਂਦੇ, ਸਾਡੀ ਬਹਾਲੀ ਬੇਕਾਰ ਹੈ।

*ਸਿੱਟਾ।* ਇਸਰਾਏਲੀਆਂ ਦੇ ਭਿਆਣਕ ਪਾਪ ਤੋਂ ਬਾਅਦ, ਉਨ੍ਹਾਂ ਨੇ ਇਕ ਨਵੀਂ ਸ਼ੁਰੂਆਤ ਕੀਤੀ ਸੀ। ਨੇਮ ਨੂੰ ਨਵੇਂ ਸਿਰੇ ਤੋਂ ਨਵਾਂ ਕਰਕੇ ਅਤੇ ਕਿਰਪਾਲੂ ਪਰਮੇਸ਼ੁਰ ਦੁਆਰਾ ਉਨ੍ਹਾਂ ਦੇ ਪਾਪ ਬਖਸ਼ਾ ਕੇ, ਇਸਰਾਏਲ ਨੇ ਡੇਹਰਾ ਬਣਾਇਆ ਜੋ ਕਿ ਵੱਡੀ ਉਦਾਰਤਾ ਅਤੇ ਸਚੇਤ ਆਗਿਆਕਾਰੀ ਨੂੰ ਵਿਖਾਉਂਦਾ ਸੀ। ਉਨ੍ਹਾਂ ਦਾ ਅਨੁਭਵ ਸਾਨੂੰ ਪਾਪ ਤੋਂ ਮੁੜਨ ਅਤੇ ਦੁਬਾਰਾ ਬਹਾਲ ਹੋਣ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਕੰਮ ਦੇ ਲਈ ਮੁੜ ਤੋਂ ਸਮਰਪਿਤ ਕਰਨ ਦੇ ਲਈ ਉਤਸ਼ਾਹਿਤ ਕਰੇ।

## ਪਰਮੇਸ਼ੁਰ ਦਿਆਲੂ ਅਤੇ ਕਰੋਧਵਾਨ ਦੋਵੇਂ ਹੀ ਹੈ (34:6-8)

ਇਹ ਹਵਾਲਾ, ਸ਼ਾਇਦ ਪੁਰਾਣੇ ਨੇਮ ਵਿਚ ਹੋਰ ਕਿਸੇ ਹਵਾਲੇ ਨਾਲੋਂ ਜ਼ਿਆਦਾ, ਪਰਮੇਸ਼ੁਰ ਦੇ ਸੁਭਾਅ ਨੂੰ ਪਰਗਟ ਕਰਦਾ ਹੈ। 34:6-8 ਵਿਚ ਕਥਨ ਲਗਭਗ ਇਕ ਮਤ ਬਣ ਗਿਆ। ਜਦੋਂ ਪਰਮੇਸ਼ੁਰ ਮੂਸਾ ਨੂੰ ਵਿਖਾਲੀ ਦਿੱਤਾ, ਉਸ ਨੇ ਆਪਣੇ ਆਪ ਨੂੰ ਉਸ ਪਰਮੇਸ਼ੁਰ ਵਜੋਂ ਪਰਗਟ ਕੀਤਾ ਜਿਹੜਾ ਪ੍ਰੇਮੀ, ਦਿਆਲੂ ਅਤੇ ਕਿਰਪਾਲੂ, ਨਾਲੇ ਧਰਮੀ ਅਤੇ ਕਰੋਧ ਨਾਲ ਭਰਿਆ ਹੈ। ਉਹ ਮਾਫ਼ ਕਰਦਾ ਹੈ, ਪਰ ਉਹ "ਕੁਧਰਮੀ ਨੂੰ ਏਵੇਂ ਨਹੀਂ ਛੱਡਦਾ।" ਪਰਮੇਸ਼ੁਰ ਜਿਸ ਤਰ੍ਹਾਂ ਦਾ ਹੈ ਉਸ ਨੂੰ ਸਮਝਣ ਦੇ ਲਈ, ਸਾਨੂੰ ਉਸ ਦੇ ਸੁਭਾਅ ਦੇ ਇਨ੍ਹਾਂ ਦੋਵਾਂ ਪਹਿਲੂਆਂ ਨੂੰ ਸਮਝਣਾ ਚਾਹੀਦਾ ਹੈ (ਵੇਖੋ ਰੋਮੀਆਂ 11:22)। ਸਾਨੂੰ ਵੀ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ ਜਿਵੇਂ ਮੂਸਾ ਨੇ ਕੀਤਾ ਸੀ: ਸੀਸ ਨਿਵਾ ਕੇ ਉਸ ਨੂੰ ਮੱਥਾ ਟੇਕੋ!

## ਸੰਸਾਰ ਨਾਲ ਕੋਈ ਨੇਮ ਨਾ ਬੰਨ੍ਹੋ (34:11-17)

ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਆਖਿਆ ਕਿ ਉਹ ਵਾਅਦੇ ਦੇ ਦੇਸ ਦੇ ਵਸਨੀਕਾਂ ਨੂੰ ਬਾਹਰ ਧੱਕ ਦੇਵੇਗਾ (34:11)। ਫਿਰ ਉਸ ਨੇ ਉਨ੍ਹਾਂ ਨੂੰ ਇਨ੍ਹਾਂ ਲੋਕਾਂ ਨਾਲ ਨੇਮ ਨਾ ਬੰਨ੍ਹਣ ਦੀ ਚਿਤਾਵਨੀ ਦਿੱਤੀ ਸੀ; ਅਜਿਹੇ ਸੰਬੰਧ ਇਸਰਾਏਲੀਆਂ ਨੂੰ ਸੱਚੇ ਪਰਮੇਸ਼ੁਰ ਤੋਂ ਦੂਰ ਕਰਕੇ ਮੂਰਤੀਪੂਜਾ ਵੱਲ ਮੋੜ ਦੇਣਗੇ (34:12-17)। ਮਸੀਹੀ ਵਿਅਕਤੀ ਦੇ ਆਪਣੇ ਆਪ ਨੂੰ ਗੈਰ-ਵਿਸ਼ਵਾਸੀਆਂ ਨਾਲ ਉਲਝਾਉਣ ਵਿਚ ਜੋ ਖ਼ਤਰੇ ਸ਼ਾਮਲ ਹਨ ਉਨ੍ਹਾਂ ਦੇ ਲਈ ਇਸ ਤੋਂ ਵੱਡਾ ਹੋਰ ਸਬੂਤ ਕੀ ਮਿਲ ਸਕਦਾ ਹੈ, ਪਰ ਇਹ ਵਿਆਹ ਦੇ ਸੰਬੰਧ ਤੱਕ ਸੀਮਤ ਨਹੀਂ ਹੈ। ਮਸੀਹੀ ਲੋਕਾਂ ਨੂੰ ਪੌਲੁਸ ਦੀ ਚਿਤਾਵਨੀ ਉਚਿਤ ਹੈ: "ਤੁਸੀਂ ਬੇਪਰਤੀਤਿਆਂ ਨਾਲ ਅਣਸਾਵੇਂ ਨਾ ਜੁੱਤੋ ਕਿਉਂ ਜੋ ਧਰਮ ਅਤੇ ਕੁਧਰਮ ਵਿੱਚ ਕੀ ਸਾਂਝ ਹੈ? ਯਾ ਚਾਨਣ ਦਾ ਅਨ੍ਹੇਰੇ ਨਾਲ ਕੀ ਮੇਲ ਹੈ?" (2 ਕੁਰਿੰਥੀਆਂ 6:14)। ਯਿਸੂ ਦੇ ਪਿੱਛੇ ਚੱਲਣ ਵਾਲਿਆਂ ਨੂੰ ਗੈਰ-ਵਿਸ਼ਵਾਸੀਆਂ ਨਾਲ ਅਜਿਹੇ ਕੋਈ ਨੇਮ - ਬੰਨ੍ਹਣ ਵਾਲੇ ਸਮਝੌਤੇ, ਉਲਝਾਉਣ ਵਾਲੇ ਸੰਬੰਧ - ਨਹੀਂ ਬੰਨ੍ਹਣੇ ਚਾਹੀਦੇ ਜੋ ਉਨ੍ਹਾਂ ਨੂੰ ਪਰਮੇਸ਼ੁਰ ਤੋਂ ਦੂਰ ਅਤੇ ਪਾਪ ਵੱਲ ਲਿਜਾ ਸਕਦੇ ਹਨ (1 ਕੁਰਿੰਥੀਆਂ 15:33)।

## ਪਵਿੱਤਰ ਗ਼ੈਰਤ (34:14)

ਪਰਮੇਸ਼ੁਰ ਪਵਿੱਤਰ ਗ਼ੈਰਤ ਨਾਲ ਆਪਣੇ ਲੋਕਾਂ ਲਈ ਗ਼ੈਰਤ ਰੱਖਦਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਹ ਉਸ ਦੇ ਪ੍ਰਤੀ ਬੇਵਫ਼ਾ ਹੋਣ। ਕਿਉਂ? ਨਾ ਸਿਰਫ ਉਨ੍ਹਾਂ ਦੀ ਬੇਵਫ਼ਾਈ ਉਸ ਤੇ ਬੁਰਾ ਪ੍ਰਭਾਵ ਪਾਵੇਗੀ, ਪਰ ਇਹ ਉਨ੍ਹਾਂ ਲਈ ਚੰਗੀ ਨਹੀਂ ਸੀ! ਜਿਹੜੇ ਉਸ ਨੂੰ ਛੱਡ ਗਏ ਸਨ ਉਹ ਆਪਣੇ ਆਪ ਨੂੰ ਉਸ ਦੀਆਂ ਸਾਰੀਆਂ ਬਰਕਤਾਂ ਤੋਂ ਵਾਂਝਿਆਂ ਕਰਨਗੇ। ਅੱਜ ਵੀ ਪਰਮੇਸ਼ੁਰ ਉਸ ਤਰ੍ਹਾਂ ਆਪਣੇ ਬੱਚਿਆਂ ਦੇ ਲਈ ਗ਼ੈਰਤ ਵਾਲਾ ਹੈ। ਉਹ ਨਹੀਂ ਚਾਹੁੰਦਾ ਕਿ ਅਸੀਂ ਉਸ ਨੂੰ ਛੱਡੀਏ ਅਤੇ ਦੂਜੇ ਦੇਵਤਿਆਂ ਦੇ ਪਿੱਛੇ ਭੱਜੀਏ ਕਿਉਂਕਿ ਇਸ ਤਰ੍ਹਾਂ ਕਰਨਾ ਸਾਡੇ ਲਈ ਬੁਰਾ ਹੈ!

## ਪਰਮੇਸ਼ੁਰ ਦੀ ਹਜ਼ੂਰੀ ਨਾਲ ਰੂਪ ਦਾ ਬਦਲਣਾ (34:29-35)

34:29-35 ਵਿਚ ਮੂਸਾ ਦੀ ਪਰਮੇਸ਼ੁਰ ਨਾਲ ਮੁਲਾਕਾਤ ਦੇ ਕਾਰਣ ਉਸ ਦਾ ਮੂੰਹ ਚਮਕਣ ਲੱਗ ਪਿਆ। ਉਸ ਦੇ ਚਮਕਦੇ ਹੋਏ ਮੂੰਹ ਨੇ ਫਿਰ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਕੰਮ ਕੀਤਾ ਕਿ ਉਹ ਪਰਮੇਸ਼ੁਰ ਦੀ ਹਜ਼ੂਰੀ ਵਿਚ ਰਿਹਾ ਸੀ ਅਤੇ ਪਰਮੇਸ਼ੁਰ ਦਾ ਨੁਮਾਇੰਦਾ ਅਤੇ ਬੁਲਾਰਾ ਸੀ। ਜਦੋਂ ਮਸੀਹੀ ਲੋਕ ਪਰਮੇਸ਼ੁਰ ਦੀ ਹਜ਼ੂਰੀ ਵਿਚ ਸਮਾਂ ਬਿਤਾਉਂਦੇ ਹਨ, ਪਰਮੇਸ਼ੁਰ ਸਾਡੇ ਰੂਪ ਨੂੰ ਵੀ ਬਦਲ ਦਿੰਦਾ ਹੈ (ਰੋਮੀਆਂ 12:1, 2; 2 ਕੁਰਿੰਥੀਆਂ 3:18)। ਉਹ ਅਜਿਹਾ ਇਸ ਤਰੀਕੇ ਨਾਲ ਕਰਦਾ ਹੈ ਜਿਸ ਦੇ ਬਾਰੇ ਦੂਜਿਆਂ ਨੂੰ ਸੰਭਵ ਤੌਰ ਤੇ ਦਿਖਾਈ ਵੀ ਨਹੀਂ ਦਿੰਦਾ।

## ਮੂਸਾ ਦਾ ਚਮਕਦਾ ਮੂੰਹ, ਪੜਦਾ ਅਤੇ ਨਵਾਂ ਨੇਮ (34:29-35; 2 ਕੁਰਿੰਥੀਆਂ 3:7-18)

ਪੌਲੁਸ ਨੇ ਸਮਝਾਇਆ ਕਿ ਪਰਮੇਸ਼ੁਰ ਦਾ ਤੇਜ ਜੋ ਮੂਸਾ ਦੇ ਮੂੰਹ ਤੋਂ ਚਮਕਦਾ ਸੀ ਇਹ ਦੱਸਦਾ ਸੀ ਕਿ ਬਿਵਸਥਾ ਤੇਜਵਾਨ (ਮੁਰਝਾਉਣ ਵਾਲੇ ਤੇਜ ਨਾਲ) ਸੀ। ਪਰ, ਫਿਰ ਉਸ ਨੇ ਟਿੱਪਣੀ ਕੀਤੀ ਸੀ ਕਿ ਨਵਾਂ ਨੇਮ ਸਗੋਂ ਹੋਰ ਵੀ ਜ਼ਿਆਦਾ ਤੇਜਵਾਨ ਹੈ (2 ਕੁਰਿੰਥੀਆਂ 3:7-18)। ਰਸੂਲ ਨੇ ਅੱਗੇ ਇਹ ਦੱਸਿਆ ਕਿ ਉਹ ਪੜਦਾ ਜਿਹੜਾ ਮੂਸਾ ਦੇ ਮੂੰਹ ਨੂੰ ਢੱਕਦਾ ਸੀ ਹਟਾ ਦਿੱਤਾ ਗਿਆ ਸੀ ਤਾਂ ਜੋ ਜਿਹੜੇ ਮਸੀਹ ਵਿਚ ਹਨ ਪਰਮੇਸ਼ੁਰ ਦੇ ਤੇਜ ਨੂੰ ਵੇਖ ਸਕਣ। ਪਰ, ਪੜਦਾ ਉਨ੍ਹਾਂ ਦੇ ਲਈ ਰਹਿੰਦਾ ਹੈ ਜਿਹੜੇ ਇਹ ਨਹੀਂ ਸਮਝਦੇ ਕਿ ਮੂਸਾ ਦੀ ਸ਼ਰਾ ਹਟਾ ਦਿੱਤੀ ਗਈ ਹੈ। ਉਹ ਵੱਡੀਆਂ ਆਤਮਿਕ ਸੱਚਾਈਆਂ ਦੇ ਪ੍ਰਤੀ ਅੰਨ੍ਹੇ ਹਨ।

---

ਟਿੱਪਣੀਆਂ

[1]ਇਸ ਮੌਕੇ ਤੇ ਪਰਮੇਸ਼ੁਰ ਦਾ ਖੁਦ ਨੂੰ ਪਰਗਟ ਕਰਨਾ ਇਸਰਾਏਲ ਵਿਚ ਇਕ ਕਿਸਮ ਦਾ ਧਾਰਮਿਕ ਕਥਨ ਬਣ ਗਿਆ (ਗਿਣਤੀ 14:18; ਨਹਮਯਾਹ 9:17; ਜ਼ਬੂਰ 86:15; ਯੂਨਾਹ 4:2)। [2]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973), 226. [3]ਕੋਲ ਨੇ, ਕੁਝ ਹੱਦ ਤੱਕ ਇਕ ਵੱਖਰਾ ਵਿਚਾਰ ਦਿੰਦਿਆਂ, ਲਿਖਿਆ, "ਇੱਥੇ 'ਅਚਰਜ' ਦਾ ਸੁਭਾਅ ਜੋ ਕਿ ਵਿਵਾਦ ਦਾ ਵਿਸ਼ਾ ਹੈ ਉਸ ਦੀ ਕਨਾਨੀਆਂ ਦੇ ਬਾਹਰ ਕੱਢਣ ਅਤੇ ਇਸਰਾਏਲ ਦੇ ਲਈ ਕਨਾਨ ਦੇ ਦੇਸ ਦੇ ਤੋਹਫ਼ੇ ਦੇ ਰੂਪ ਵਿਚ ਵਿਆਖਿਆ ਕੀਤੀ ਗਈ ਹੈ" (ਉਸੇ ਸਥਾਨ ਤੇ, 229)। [4]ਉਸੇ ਸਥਾਨ ਤੇ, 230.[5]ਉਸੇ ਸਥਾਨ ਤੇ, 231. [6]ਉਸੇ ਸਥਾਨ ਤੇ। [7]ਉਦਾਹਰਣ ਦੇ ਲਈ, ਜੇ. ਫਿਲਿਪ ਹਯਾਤ ਦੀ ਪੁਸਤਕ *ਐਕਸੋਡਸ*, ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1971) ਦੇ ਸਫ਼ੇ 319-22 ਵੇਖੋ। [8]ਇਸ ਮਾਮਲੇ ਵਿਚ, ਜਿਵੇਂ ਕਿ ਦੂਜਿਆਂ ਵਿਚ ਹੈ, ਯਿਸੂ ਮੂਸਾ ਵਰਗਾ ਸੀ। ਉਜਾੜ ਵਿਚ, ਇਸ ਤੋਂ ਪਹਿਲਾਂ ਕਿ ਯਿਸੂ ਸ਼ਤਾਨ ਦੁਆਰਾ ਪਰਤਾਇਆ ਗਿਆ, ਉਸ ਨੇ ਚਾਲੀ ਦਿਨ ਅਤੇ ਚਾਲੀ ਰਾਤਾਂ ਰੋਜ਼ਾ ਰੱਖਿਆ (ਮੱਤੀ 4:2)। [9]ਕੋਲ, 227. [10]ਜੌਨ ਆਈ. ਡਰਹਮ, *ਐਕਸੋਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 462-63.

[11]ਯਿਸੂ ਦਾ ਮੂੰਹ ਵੀ ਚਮਕਦਾ ਸੀ ਜਦੋਂ ਪਹਾੜ ਉੱਤੇ ਉਸ ਦਾ ਰੂਪ ਬਦਲ ਗਿਆ (ਮੱਤੀ 17:2)। ਇਹ ਘਟਨਾ ਇਹ ਦੱਸਦੀ ਹੈ ਕਿ ਯਿਸੂ "ਇਨ੍ਹਾਂ ਦਿਨਾਂ ਦੇ ਅੰਤ ਵਿੱਚ" (ਇਬਰਾਨੀਆਂ 1:1, 2) ਪਰਮੇਸ਼ੁਰ ਦਾ ਬੁਲਾਰਾ ਹੋਣ ਦੇ ਨਾਤੇ "ਇਕ [ਨਵੇਂ ਅਤੇ] ਉੱਤਮ ਨੇਮ ਦਾ ਵਿਚੋਲਾ" (ਇਬਰਾਨੀਆਂ 8:6) ਹੈ। [12]ਮੂਸਾ ਦੇ ਮੂੰਹ ਤੇ ਪੜਦੇ ਨੂੰ ਪੌਲੁਸ ਨੇ ਇਹ ਉਦਾਹਰਣ ਦੇਣ ਦੇ ਲਈ ਵਰਤਿਆ ਸੀ ਕਿ ਕਿਵੇਂ ਕੁਝ ਲੋਕ ਖੁਸ਼ਖ਼ਬਰੀ ਨੂੰ ਠੁਕਰਾ ਦਿੰਦੇ ਹਨ ਕਿਉਂਕਿ ਉਹ ਇਹ ਵੇਖਣ ਵਿਚ ਅਸਫ਼ਲ ਹੋ ਜਾਂਦੇ ਹਨ ਕਿ ਪੁਰਾਣਾ ਨੇਮ ਮਸੀਹ ਵਿਚ ਹਟਾ ਦਿੱਤਾ ਗਿਆ ਹੈ (2 ਕੁਰਿੰਥੀਆਂ 3:12-18)।